SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 118 | Monday, June 19, 2023 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਗੱਡੀ ਖੰਭੇ ਨਾਲ ਟਕਰਾਈ, ਇੱਕ ਜ਼ਖ਼ਮੀ

ਬਰੈਂਪਟਨ, 18 ਜੂਨ (ਪੋਸਟ ਬਿਊਰੋ) : ਐਤਵਾਰ ਸ਼ਾਮ ਨੂੰ ਬਰੈਂਪਟਨ ਵਿੱਚ ਇੱਕ ਗੱਡੀ ਦੇ ਖੰਭੇ ਨਾਲ ਟਕਰਾਅ ਜਾਣ ਕਾਰਨ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਇੱਕ ਵਿਅਕਤੀ ਨੂੰ ਏਅਰ ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਾਇਆ ਗਿਆ।

ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਸ਼ਾਮੀਂ 5:30 ਵਜੇ ਤੋਂ ਠੀਕ ਪਹਿਲਾਂ ਵੈਨਲੈਸ ਡਰਾਈਵ ਤੇ ਚਿੰਗੁਆਕਸੀ ਰੋਡ ਏਰੀਆ ਵਿੱਚ ਵਾਪਰਿਆ। ਪੁਲਿਸ ਨੇ ਦੱਸਿਆ ਕਿ ਹਾਦਸਾ ਇਕਹਿਰੀ ਗੱਡੀ ਨੂੰ ਪੇਸ਼ ਆਇਆ। ਇਹ ਹਾਦਸਾ ਕਿਉਂ ਵਾਪਰਿਆ ਇਸ ਬਾਰੇ ਅਜੇ ਕੋਈ ਸਪਸ਼ਟ ਜਾਣਕਾਰੀ ਹਾਸਲ ਨਹੀਂ ਹੋਈ ਹੈ।

ਪੁਲਿਸ ਨੇ ਦੱਸਿਆ ਕਿ ਹਾਦਸੇ ਤੋਂ ਬਾਅਦ ਇੱਕ ਬਾਲਗ ਵਿਅਕਤੀ ਨੂੰ ਏਅਰ ਐਂਬੂਲੈਂਸ ਰਾਹੀਂ ਟਰੌਮਾ ਸੈਂਟਰ ਲਿਜਾਇਆ ਗਿਆ ਪਰ ਇਸ ਸਬੰਧੀ ਕੋਈ ਹੋਰ ਜਾਣਕਾਰੀ ਹਾਲ ਦੀ ਘੜੀ ਜਾਰੀ ਨਹੀਂ ਕੀਤੀ ਗਈ ਹੈ। ਇਸ ਇਲਾਕੇ ਦੀਆਂ ਸੜਕਾਂ ਬੰਦ ਕਰ ਦਿੱਤੀਆਂ ਗਈਆਂ ਹਨ ਤੇ ਡਰਾਈਵਰਾਂ ਨੂੰ ਬਦਲਵੇਂ ਰੂਟ ਅਪਨਾਉਣ ਲਈ ਆਖਿਆ ਜਾ ਰਿਹਾ ਹੈ।

## ਟੋਰਾਂਟੋ ਤੇ ਨਾਲ ਲੱਗਦੇ ਇਲਾਕੇ ਵਿੱਚ ਹਵਾ ਦੇ ਮਿਆਰ ਵਿੱਚ ਆਈ ਗਿਰਾਵਟ, ਚੇਤਾਵਨੀ ਜਾਰੀ



ਟੋਰਾਂਟੋ, 18 ਜੂਨ (ਪੋਸਟ ਬਿਊਰੋ) : ਗ੍ਰੇਟਰ ਟੋਰਾਂਟੋ ਏਰੀਆ ਵਿੱਚ ਜੰਗਲ ਦੀ ਅੱਗ ਤੋਂ ਅਜੇ ਥੋੜ੍ਹੀ ਰਾਹਤ ਮਿਲੀ ਹੀ ਸੀ ਕਿ ਐਤਵਾਰ ਨੂੰ ਮੁੜ ਐਨਵਾਇਰਮੈਂਟ ਕੈਨੇਡਾ ਵੱਲੋਂ ਸਪੈਸ਼ਲ ਏਅਰ ਕੁਆਲਿਟੀ ਸਬੰਧੀ ਚੇਤਾਵਨੀ ਜਾਰੀ ਕਰ ਦਿੱਤੀ ਗਈ। ਏਜੰਸੀ ਨੇ ਹਵਾ ਵਿੱਚ ਪ੍ਰਦੂਸ਼ਣ ਦੀ ਮਾਤਰਾ ਵੱਧ ਹੋਣ ਦਾ ਸੰਕੇਤ ਦਿੱਤਾ ਹੈ।

ਐਤਵਾਰ ਦੁਪਹਿਰ ਨੂੰ ਮੌਸਮ ਵਿਗਿਆਨੀਆਂ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਕਿਊਬਿਕ ਤੇ ਉੱਤਰਪੂਰਬੀ ਓਨਟਾਰੀਓ ਦੇ ਜੰਗਲਾਂ ਵਿੱਚ ਲੱਗੀ ਅੱਗ ਦਾ ਧੂੰਆਂ ਟੋਰਾਂਟੋ, ਹੈਮਿਲਟਨ ਤੇ ਪੀਲ ਦੇ ਕਈ ਹਿੱਸਿਆਂ ਤੇ ਹਾਲਟਨ ਤੇ ਨਾਇਗਰਾ ਰੀਜਨ ਦੇ ਕਈ ਹਿੱਸਿਆਂ ਵਿੱਚ ਹਵਾ ਦੇ ਮਿਆਰ ਨੂੰ ਖਰਾਬ ਤੇ ਗੰਧਲਾ ਕਰਨ ਲਈ ਜ਼ਿੰਮੇਵਾਰ ਹੈ। ਇਸ ਧੂੰਏ ਕਾਰਨ ਹਵਾ ਦੇ ਮਿਆਰ ਵਿੱਚ ਕਾਫੀ ਗਿਰਾਵਟ ਆਈ ਹੈ। ਇਸ ਧੂੰਏ ਕਾਰਨ ਵਿਜ਼ੀਬਿਲਿਟੀ ਵਿੱਚ ਵੀ ਸਮੱਸਿਆ ਹੋ ਰਹੀ ਹੈ।

ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਐਤਵਾਰ ਸ਼ਾਮ ਨੂੰ ਤੇ ਸੋਮਵਾਰ ਸਵੇਰ ਤੱਕ ਹਾਲਾਤ ਵਿੱਚ ਸੁਧਾਰ ਹੋਣ ਦੀ ਸੰਭਾਵਨਾ ਹੈ ਪਰ ਫੇਫੜਿਆਂ ਤੇ ਦਿਲ ਦੀਆਂ ਬਿਮਾਰੀਆਂ, ਬਜ਼ੁਰਗਾਂ, ਬੱਚਿਆਂ ਤੇ ਆਊਟਡੋਰ ਵਰਕਰਜ਼ ਦੇ ਨਾਲ ਨਾਲ ਗਰਭਵਤੀ ਔਰਤਾਂ ਦੇ ਇਸ ਸਥਿਤੀ ਨਾਲ ਵਧੇਰੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ। ਧੂੰਏ ਤੋਂ ਬਚਣ ਲਈ ਹੇਠਾਂ ਲਿਖੀਆਂ ਅਹਿਤਿਆਤ ਵਰਤਣ ਲਈ ਆਖਿਆ ਗਿਆ ਹੈ :

- ਆਊਟਡਰ ਰਹਿੰਦੇ ਸਮੇਂ ਵੱਧ ਤੋਂ ਵੱਧ ਸਮੇਂ ਲਈ ਐਨ-95 ਮਾਸਕ ਪਾਓ
- ਏਅਰ ਕੰਡੀਸ਼ਨਰਜ਼ ਦੀ ਵਰਤੋਂ ਕਰੋ, ਸੰਭਵ ਹੋ ਸਕੇ ਤਾਂ ਹੈਪਾ ਫਿਲਟਰਜ਼ ਦੀ ਵਰਤੋਂ ਕਰੋ
- ਜੇ ਤੁਹਾਡੇ ਕੋਲ ਏਅਰ ਕੰਡੀਸ਼ਨਰਜ਼ ਨਹੀਂ ਹਨ ਤਾਂ ਨੇੜਲੇ ਕਿਸੇ ਮਾਲ ਜਾਂ ਪਬਲਿਕ ਪਲੇਸ ਉੱਤੇ ਚਲੇ ਜਾਓ
- ਮੌਸਮ ਸਬੰਧੀ ਬਿਆਨਾਂ ਤੇ ਹਵਾ ਦੇ ਮਿਆਰ ਸਬੰਧੀ ਚੇਤਾਵਨੀਆਂ ਵੱਲ ਧਿਆਨ ਦਿਓ
- ਸੰਭਵ ਹੋਵੇ ਤਾਂ ਇੰਡੋਰ ਰਹਿ ਕੇ ਹੀ ਐਕਸਰਸਾਈਜ਼ ਕਰੋ

## ਫੈਡਰਲ ਤੇ ਓਨਟਾਰੀਓ ਸਰਕਾਰਾਂ ਨੇ 10 ਬਿਲੀਅਨ ਡਾਲਰ ਵਿੱਚ ਫਰਸਟ ਨੇਸ਼ਨਜ਼ ਨਾਲ ਕੀਤੀ ਸੈਟਲਮੈਂਟ



ਓਨਟਾਰੀਓ, 18 ਜੂਨ (ਪੋਸਟ ਬਿਊਰੋ) : ਰੌਬਿਨਸਨ ਹੁਰੌਨ ਟਰੀਟੀ ਲਿਟੀਗੇਸ਼ਨ ਫੰਡ ਦੇ ਆਗੂਆਂ ਦਾ ਕਹਿਣਾ ਹੈ ਕਿ ਓਨਟਾਰੀਓ ਤੇ ਕੈਨੇਡਾ ਸਰਕਾਰਾਂ ਨਾਲ ਉਨ੍ਹਾਂ ਵੱਲੋਂ 10 ਬਿਲੀਅਨ ਡਾਲਰ ਦੀ ਸੈਟਲਮੈਂਟ ਕੀਤੀ ਗਈ ਹੈ। ਕਈ ਸਾਲਾਂ ਤੋਂ ਬਿਨਾਂ ਕਿਸੇ ਪੈਸੇ ਦੀ ਅਦਾਇਗੀ ਦੇ ਫਰਸਟ ਨੇਸ਼ਨਜ਼ ਦੀ ਜ਼ਮੀਨ ਦੀ ਵਰਤੋਂ ਕਰਨ ਬਦਲੇ ਇਹ ਸੈਟਲਮੈਂਟ ਕੀਤੀ ਗਈ ਹੈ।

ਇਹ ਫੰਡ 21 ਰੌਬਿਨਸਨ ਹੁਰੌਨ ਫਰਸਟ ਨੇਸ਼ਨਜ਼ ਦੀ ਨੁਮਾਇੰਦਗੀ ਕਰਦਾ ਹੈ ਤੇ ਸ਼ਨਿੱਚਰਵਾਰ ਨੂੰ ਇਸ ਵੱਲੋਂ ਇਹ ਐਲਾਨ ਕੀਤਾ ਗਿਆ ਕਿ ਇਹ ਸੈਟਲਮੈਂਟ ਪਿਛਲੇ 170 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਨਿਰਧਾਰਤ ਸਮੇਂ ਉੱਤੇ ਅਦਾਇਗੀਆਂ ਨਾ ਕਰਨ ਬਾਰੇ ਹੋਈ ਹੈ। ਜ਼ਿਕਰਯੋਗ ਹੈ ਕਿ ਰੌਬਿਨਸਨ-ਹੁਰੌਨ ਟਰੀਟੀ 1850 ਵਿੱਚ ਕੀਤੀ ਗਈ ਸੀ ਤੇ ਫਰਸਟ ਨੇਸ਼ਨਜ਼ ਦੇ ਸਰੋਤਾਂ ਦੀ ਵਰਤੋਂ ਬਦਲੇ ਸਾਲਾਨਾ ਅਦਾਇਗੀਆਂ ਕੀਤੇ ਜਾਣ ਬਾਰੇ ਸਮਝੌਤਾ ਬਣਿਆ ਸੀ। ਪਰ ਇਸ ਅਦਾਇਗੀ ਵਿੱਚ 1875 ਵਿੱਚ 1.70 ਡਾਲਰ ਪ੍ਰਤੀ ਵਿਅਕਤੀ ਤੋਂ 4 ਡਾਲਰ ਪ੍ਰਤੀ ਵਿਅਕਤੀ ਵਾਧਾ ਹੋਇਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਇਸ ਵਿੱਚ ਕੋਈ ਵਾਧਾ ਨਹੀਂ ਹੋਇਆ।

ਅਦਾਲਤ ਤੋਂ ਬਾਹਰ ਕੀਤੇ ਗਏ ਇਸ ਸਮਝੌਤੇ ਵਿੱਚ ਇਹ ਤੈਅ ਹੋਇਆ ਹੈ ਕਿ ਅੱਧੀ ਰਕਮ ਫੈਡਰਲ ਸਰਕਾਰ ਅਦਾ ਕਰੇਗੀ ਤੇ ਬਾਕੀ ਅੱਧੀ ਪ੍ਰੋਵਿੰਸ ਵੱਲੋਂ ਅਦਾ ਕੀਤੀ ਜਾਵੇਗੀ। ਵਿੱਕਵੈਮਕੂੰਗ ਅਨਸੀਡਿਡ ਟੈਰੇਟਰੀ ਦੀ ਨੁਮਾਇੰਦਗੀ ਕਰਨ ਵਾਲੇ ਡਿਊਕ ਪੈਲਟੀਅਰ ਨੇ ਦੱਸਿਆ ਕਿ 2012 ਵਿੱਚ 21 ਫਰਸਟ ਨੇਸ਼ਨਜ਼ ਇੱਕਠੇ ਹੋਏ ਤੇ ਉਨ੍ਹਾਂ ਅਦਾਲਤ ਰਾਹੀਂ ਇਹ ਸੈਟਲਮੈਂਟ ਕਰਵਾਉਣ ਲਈ ਕੇਸ ਲਾਇਆ। ਪਰ ਫੈਡਰਲ ਤੇ ਪ੍ਰੋਵਿੰਸ਼ੀਅਲ ਅਧਿਕਾਰੀਆਂ ਨਾਲ ਗੱਲਬਾਤ ਸਦਕਾ ਇਹ ਸੈਟਲਮੈਂਟ ਅਦਾਲਤ ਤੋਂ ਬਾਹਰ ਹੀ ਹੋ ਗਈ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licensed Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
(Government Approved Licensed Technician)
416 938 4598

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

$3199
SUPER! SAVINGS FOR SUPER DADS
$1699
$5299*
5.2 CU FT. CAPACITY (AI WASH)
7.4 CU FT. CAPACITY (REVERSIBLE DOOR)
CAFÉ KitchenAid moffat MAYTAG LG SAMSUNG Electrolux JENNAIR BOSCH Whirlpool
5781 Highway 7 Unit 10 Vaughan, ON L4L 1T8 (416) 477-5556 | 44 Fasken Dr, #2-9 Etobicoke, ON M9W 5M8 (416) 792-0877 | Unit #1, 241 Clarence St Brampton, On L6W 3E7 (416) 551-3343 | Unit #4 -1540 Fanshawe Park Road West London, On N6H 5L8 (519) 641-1010 | Unit #6 – 410 Lewis Road Stoney Creek, On L8E 5Y7 (905) 643-0818 | 1050 Speers Road Oakville, On L6L 2X4 (416) 613-0555
416-551-5553
WWW.OURRHOMEAPPLIANCES.COM

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

SUPER VISA INSURANCE EXPERTS
Punjab Insurance Inc
RANJIT GILL
Insurance Advisor
Ph: 416-724-5000
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
7003 Steeles Ave. W, Unit 10, Etobicoke, ON, M9W 0A2
gill@punjabinsurance.ca
topinsuranceservices.ca

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axxel InsuranceBrokers Ltd.
1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

### ਸਿੱਖ ਗੁਰਦੁਆਰਾ ਐਕਟ-1925 ਵਿਚ ਤਰਮੀਮ ਕਰੇਗੀ ਪੰਜਾਬ ਸਰਕਾਰ

# ਮੁਫ਼ਤ ਪ੍ਰਸਾਰਣ ਰਾਹੀਂ ਦੁਨੀਆਂ ਦੇ ਕੋਨੇ-ਕੋਨੇ ਤੱਕ ਗੁਰਬਾਣੀ ਪਹੁੰਚਾਉਣ ਦੇ ਮਨੋਰਥ ਨਾਲ ਲਿਆ ਇਤਿਹਾਸਕ ਫੈਸਲਾ

ਚੰਡੀਗੜ੍ਹ, 18 ਜੂਨ (ਪੋਸਟ ਬਿਊਰੋ): ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਤੋਂ ਪਾਵਨ ਗੁਰਬਾਣੀ ਦਾ ਪ੍ਰਸਾਰਣ ਮੁਫ਼ਤ ਵਿਚ ਯਕੀਨੀ ਬਣਾਉਣ ਦੇ ਉਦੇਸ਼ ਨਾਲ ਇਤਿਹਾਸਕ ਫੈਸਲਾ ਲੈਂਦਿਆਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਸਿੱਖ ਗੁਰਦੁਆਰਾ ਐਕਟ-1925 ਵਿਚ ਸੋਧ ਕਰੇਗੀ।



ਇਸ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਇਸ ਬਾਰੇ ਮਤਾ 19 ਜੂਨ (ਸੋਮਵਾਰ) ਨੂੰ ਹੋਣ ਜਾ ਰਹੀ ਮੰਤਰੀ ਮੰਡਲ ਦੀ ਮੀਟਿੰਗ ਵਿਚ ਪਾਸ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਇਹ ਮਤਾ 20 ਜੂਨ ਨੂੰ ਹੋਣ ਵਾਲੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਸਦਨ ਵਿਚ ਪੇਸ਼ ਕੀਤਾ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਇਹ ਫੈਸਲਾ ਦੁਨੀਆ ਭਰ ਵਿਚ ਸਿੱਖ ਸੰਗਤ ਦੀਆਂ ਭਾਵਨਾਵਾਂ ਦੇ ਮੁਤਾਬਕ ਲਿਆ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਰਬੱਤ ਦੇ ਭਲੇ ਦਾ ਵਿਸ਼ਵ-ਵਿਆਪੀ ਸੰਦੇਸ਼ ਫੈਲਾਉਣ ਦੇ ਉਦੇਸ਼ ਨਾਲ ਦੁਨੀਆ ਭਰ ਵਿਚ ਸਰਬ-ਸਾਂਝੀ ਗੁਰਬਾਣੀ ਦਾ ਪਾਸਾਰ ਕਰਨਾ ਸਮੇਂ ਦੀ ਲੋੜ ਹੈ। ਭਗਵੰਤ ਮਾਨ ਨੇ ਕਿਹਾ ਕਿ ਗੁਰਬਾਣੀ ਦੇ ਪ੍ਰਸਾਰਣ ਦਾ ਅਧਿਕਾਰ ਕਿਸੇ ਇਕ ਚੈਨਲ ਨੂੰ ਦੇਣ ਦੀ ਬਜਾਏ ਇਸ ਦਾ ਪ੍ਰਸਾਰਣ ਬਿਲਕੁਲ ਮੁਫ਼ਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਕਦਮ ਦੇਸ਼-ਵਿਦੇਸ਼ ਵਿਚ ਸੰਗਤ ਨੂੰ ਗੁਰਬਾਣੀ ਸਰਵਣ ਕਰਨ ਵਿਚ ਬਹੁਤ ਸਹਾਈ ਹੋਵੇਗਾ।

ਇਸੇ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਸੰਗਤ ਨੂੰ ਆਪਣੇ ਟੀ.ਵੀ. ਸੈੱਟ ਜਾਂ ਹੋਰ ਉਪਕਰਨਾਂ ਜ਼ਰੀਏ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰੇ ਕਰਨ ਦੀ ਵੀ ਖੁੱਲ੍ਹ ਹੋਵੇਗੀ। ਭਗਵੰਤ ਮਾਨ ਨੇ ਕਿਹਾ ਕਿ ਇਹ ਫੈਸਲਾ ਦੁਨੀਆ ਦੇ ਕੋਨੇ-ਕੋਨੇ ਵਿਚ ਪਵਿੱਤਰ ਗੁਰਬਾਣੀ ਦਾ ਸੰਦੇਸ਼ ਫੈਲਾਉਣ ਵਿਚ ਸਹਾਈ ਹੋਵੇਗਾ। ਉਨ੍ਹਾਂ ਕਿਹਾ ਕਿ ਕਿਸੇ ਇਕੱਲੇ-ਇਕਹਿਰੇ ਮਾਧਿਅਮ ਰਾਹੀਂ ਗੁਰਬਾਣੀ ਦੀ ਪਹੁੰਚ ਮਹਿਦੂਦ ਕਰਨ ਦੇਣ ਦੀ ਬਜਾਏ ਸਰਬੱਤ ਦਾ ਭਲਾ ਤੇ ਭਾਈਚਾਰਕ ਸਾਂਝ ਦਾ ਸੰਦੇਸ਼ ਸੰਗਤ ਤੱਕ ਮੁਫ਼ਤ ਵਿਚ ਪ੍ਰਸਾਰਿਤ ਹੋਣਾ ਚਾਹੀਦਾ ਹੈ।

# ਪਾਰਟੀ ਦੌਰਾਨ ਚੱਲੀਆਂ ਗੋਲੀਆਂ, 1 ਹਲਾਕ 22 ਜ਼ਖ਼ਮੀ

ਸ਼ਿਕਾਗੋ, 18 ਜੂਨ (ਪੋਸਟ ਬਿਊਰੋ) : ਸ਼ਿਕਾਗੋ ਦੇ ਸਬਅਰਬਨ ਇਲਾਕੇ ਵਿੱਚ ਸਥਿਤ ਪਾਰਕਿੰਗ ਲੌਟ ਵਿੱਚ ਗੋਲੀ ਚੱਲਣ ਕਾਰਨ 23 ਲੋਕ ਜ਼ਖ਼ਮੀ ਹੋ ਗਏ ਜਦਕਿ ਇੱਕ ਦੀ ਮੌਤ ਹੋ ਗਈ। ਇੱਥੇ ਪਾਰਟੀ ਕਰਨ ਲਈ ਸੈਂਕੜੇ ਲੋਕ ਇੱਕਠੇ ਹੋਏ ਸਨ।



ਡੁਪੇਜ ਕਾਊਂਟੀ ਸ਼ੈਰਿਫ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਜੂਨਟੀਨਥ ਦੇ ਜਸ਼ਨ ਮਨਾਉਣ ਲਈ ਇੱਥੇ ਕਈ ਲੋਕ ਇੱਕਠੇ ਹੋ ਕੇ ਪਾਰਟੀ ਕਰ ਰਹੇ ਸਨ ਕਿ ਮਾਹੌਲ ਅਚਾਨਕ ਹਿੰਸਕ ਹੋ ਗਿਆ ਤੇ ਕਈ ਲੋਕਾਂ ਨੇ ਭੀੜ ਉੱਤੇ ਗੋਲੀਆਂ ਚਲਾ ਦਿੱਤੀਆਂ। ਸ਼ੈਰਿਫ ਆਫਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਕਈ ਲੋਕ ਗੋਲੀਆਂ ਲੱਗਣ ਕਾਰਨ ਤੇ ਕਈ ਇਲਾਕਾ ਛੱਡ ਕੇ ਭੱਜਣ ਸਮੇਂ ਹੋਈ ਧੱਕਾ ਮੁੱਕੀ ਕਾਰਨ ਜ਼ਖ਼ਮੀ ਹੋਏ।

ਪੁਲਿਸ ਇੱਕਠ ਉੱਤੇ ਨਜ਼ਰ ਰੱਖ ਰਹੀ ਸੀ ਪਰ ਨੇੜੇ ਹੀ ਕਿਤੇ ਲੜਾਈ ਹੋ ਜਾਣ ਕਾਰਨ ਪੁਲਿਸ ਅਧਿਕਾਰੀਆਂ ਨੂੰ ਉੱਥੇ ਜਾਣਾ ਪਿਆ ਤੇ ਪਿੱਛੋਂ ਇਹ ਗੋਲੀਕਾਂਡ ਵਾਪਰ ਗਿਆ। ਪੁਲਿਸ ਅਧਿਕਾਰੀ ਗੋਲੀਆਂ ਦੀ ਆਵਾਜ ਸੁਣਦੇ ਸਾਰ ਹੀ ਘਟਨਾ ਵਾਲੀ ਥਾਂ ਉੱਤੇ ਪਰਤ ਆਏ। ਇਸ ਹਮਲੇ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗਿਆ ਹੈ ਤੇ ਅਜੇ ਕਿਸੇ ਨੂੰ ਗ੍ਰਿਫਤਾਰ ਵੀ ਨਹੀਂ ਕੀਤਾ ਗਿਆ ਹੈ। ਸ਼ੈਰਿਫ ਆਫਿਸ ਦੇ ਡਿਪਟੀ ਚੀਫ ਐਰਿਕ ਸਵੈਨਸਨ ਨੇ ਦੱਸਿਆ ਕਿ ਘਟਨਾ ਵਾਲੀ ਥਾਂ ਤੋਂ ਕਈ ਲੋਕਾਂ ਨੂੰ ਹਸਪਤਾਲ ਭੇਜਿਆ ਗਿਆ ਤੇ ਕਈ ਖੁਦ ਹੀ ਇਲਾਜ ਲਈ ਹਸਪਤਾਲ ਚਲੇ ਗਏ।

## ਅੱਜ ਨਾਮਾ

ਮੁੜ-ਮੁੜ ਹੱਦਾਂ ਤੋਂ ਆਂਵਦੀ ਖਬਰ ਏਹੀ,
ਨਿੱਤ ਦਿਨ ਨਸ਼ੇ ਦੀ ਖੇਪ ਹੀ ਆਏ ਬੇਲੀ।
ਨਕਸ਼ਾ ਮਿੱਥ ਕੇ ਹੁੰਦੀ ਹੈ ਤਸਕਰੀ ਇਹ,
ਮਿੱਥ ਕੇ ਜਾਂਦੇ ਹਨ ਪੈਕੇਟ ਪੁਚਾਏ ਬੇਲੀ।
ਧੰਦਾ ਹੋ ਗਿਆ ਹਾਈ-ਟੈੱਕ ਤਸਕਰੀ ਦਾ,
ਪੈਕੇਟ ਪੁਚਾਉਣ ਡਰੋਣ ਹਨ ਲਾਏ ਬੇਲੀ।
ਕਦੀ ਕੋਈ ਫੋਰਸ ਡਰੋਣ ਵੀ ਸੁੱਟ ਲੈਂਦੀ,
ਕਦੇ ਉਹ ਸੁੱਕਾ ਵੀ ਬਚ ਕੇ ਜਾਏ ਬੇਲੀ।
ਬਾਰਡਰ ਟੱਪਣ ਦੀ ਲੋੜ ਨਾ ਰਹੀ ਲੱਗਦੀ,
ਮਸ਼ੀਨ ਨੇ ਲਿਆ ਸਭ ਕੰਮ ਸੰਭਾਲ ਬੇਲੀ।
ਅਗਲੀ ਗੱਲ ਵੀ ਕਦੀ ਇਹ ਸੁਣੀਂਦੀ ਆ,
ਰਲ ਜਾਏ ਕੁੱਤੀ ਵੀ ਚੋਰਾਂ ਦੇ ਨਾਲ ਬੇਲੀ।

**ਤੀਸ ਮਾਰ ਖਾਂ**

# ਪੰਜਾਬ ਪੁਲਿਸ ਨੇ ਗਊ ਹੱਤਿਆ ਐਕਟ ਤਹਿਤ ਨਾਮਜ਼ਦ ਵਿਅਕਤੀਆਂ ’ਤੇ ਕੱਸਿਆ ਸ਼ਿਕੰਜਾ

### ਗਊ ਹੱਤਿਆ ਦੇ ਮਾਮਲਿਆਂ ਵਿੱਚ ਸ਼ਾਮਲ ਲੋਕਾਂ ਦੇ 185 ਟਿਕਾਣਿਆਂ ’ਤੇ 132 ਪੁਲਿਸ ਪਾਰਟੀਆਂ ਨੇ ਕੀਤੀ ਛਾਪੇਮਾਰੀ : ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ

ਚੰਡੀਗੜ੍ਹ, 18 ਜੂਨ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੇ ਸੁਪਨੇ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਪੰਜਾਬ ਪੁਲਿਸ ਨੇ ਐਤਵਾਰ ਨੂੰ ਉਨਾਂ ਵਿਅਕਤੀਆਂ ਦੇ ਟਿਕਾਣਿਆਂ ‘ਤੇ ਰਾਜ ਵਿਆਪੀ ਛਾਪੇਮਾਰੀ ਕੀਤੀ, ਜਿਨਾਂ ‘ਤੇ ਪਿਛਲੇ ਕੁਝ ਸਾਲਾਂ ਦੌਰਾਨ ਗਊ ਹੱਤਿਆ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਇਹ ਛਾਪੇਮਾਰੀ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ‘ਤੇ ਕੀਤੀ ਗਈ ਸੀ।

ਸਪੈਸ਼ਲ ਡੀਜੀਪੀ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਸੂਬੇ ਭਰ ਵਿੱਚ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਸਿੰਕ੍ਰੋਨਾਈਜ਼ਡ ਢੰਗ ਨਾਲ ਕਾਰਵਾਈ ਕੀਤੀ ਗਈ। ਸਾਰੇ ਸੀਪੀਜ/ਐਸਐਸਪੀਜ ਨੂੰ ਇੰਸਪੈਕਟਰਾਂ/ਸਬ-ਇੰਸਪੈਕਟਰਾਂ (ਐਸਆਈਜ) ਦੇ ਅਧੀਨ ਟੀਮਾਂ ਤਾਇਨਾਤ ਕਰਨ ਲਈ ਕਿਹਾ ਗਿਆ ਸੀ ਤਾਂ ਕਿ ਉਹ ਗਊ ਹੱਤਿਆ ਦੇ ਮਾਮਲਿਆਂ ਵਿੱਚ ਸ਼ਾਮਲ ਵਿਅਕਤੀਆਂ ਦੇ ਟਿਕਾਣਿਆਂ ‘ਤੇ ਛਾਪੇਮਾਰੀ ਕੀਤੀ ਜਾਵੇ ਤਾਂ ਜੋ ਉਨਾਂ ਦੀ ਮੌਜੂਦਾ ਸਥਿਤੀ ਦੀ ਜਾਂਚ ਕੀਤੀ ਸਕੇ।

ਪੁਲਿਸ ਦੀਆਂ 132 ਟੀਮਾਂ, ਜਿਨਾਂ ਵਿੱਚ 900 ਪੁਲਿਸ ਮੁਲਾਜ਼ਮ ਸ਼ਾਮਲ ਸਨ, ਨੇ ਗਊ ਹੱਤਿਆ ਦੇ ਕੇਸ ਵਿੱਚ ਨਾਮਜ਼ਦ 185 ਵਿਅਕਤੀਆਂ ਦੇ ਟਿਕਾਣਿਆਂ ‘ਤੇ ਛਾਪੇਮਾਰੀ ਕੀਤੀ । ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਪੁਲਿਸ ਨੇ 2016 ਤੋਂ ਹੁਣ ਤੱਕ ਸੂਬੇ ਵਿੱਚ ਗਊ ਹੱਤਿਆ ਐਕਟ ਤਹਿਤ 319 ਐਫਆਈਆਰ ਦਰਜ ਕੀਤੀਆਂ ਹਨ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਇਸ ਕਾਰਵਾਈ ਨੂੰ ਅੰਜਾਮ ਦੇਣ ਦਾ ਉਦੇਸ਼ ਉਲੰਘਣਾ ਕਰਨ ਵਾਲਿਆਂ ‘ਤੇ ਨਜ਼ਰ ਰੱਖਣਾ ਸੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਕਿਸੇ ਕਿਸਮ ਦੀਆਂ ਸਮਾਜ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਨਹੀਂ ਹਨ। ਉਨਾਂ ਕਿਹਾ ਕਿ ਅਜਿਹੇ ਛਾਪੇ ਅੱਗੇ ਵੀ ਜਾਰੀ ਰਹਿਣਗੇ।

ਉਨ੍ਹਾਂ ਭਰੋਸਾ ਦਿਵਾਇਆ ਕਿ ਗਊਆਂ ਨੂੰ ਮਾਰਨ/ਵੱਢਣ ਦੀ ਗੈਰ-ਕਾਨੂੰਨੀ ਗਤੀਵਿਧੀ ਵਿੱਚ ਸ਼ਾਮਲ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਪੁਲੀਸ ਵੱਲੋਂ ਬਖ਼ਸ਼ਿਆ ਨਹੀਂ ਜਾਵੇਗਾ ਕਿਉਂਕਿ ਬਾ-ਕਾਨੂੰਨ ਪੁਲਿਸ ਬਲ ਗਊਆਂ ਦੀ ਸੁਰੱਖਿਆ ਅਤੇ ਸੰਭਾਲ ਲਈ ਵਚਨਬੱਧ ਹੈ।

ਜ਼ਿਕਰਯੋਗ ਹੈ ਕਿ ਅਜਿਹੀਆਂ ਕਾਰਵਾਈਆਂ ਸਮਾਜ ਵਿਰੋਧੀ ਅਨਸਰਾਂ ਵਿੱਚ ਡਰ ਪੈਦਾ ਕਰਨ ਅਤੇ ਆਮ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਵਿੱਚ ਵੀ ਮਦਦ ਕਰਦੀਆਂ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ -
ਤੁਹਾਡੀ ਭਾਸ਼ਾ ਬੋਲਦੇ - Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
Member ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# 'ਰਿਉੜੀਆਂ' ਦੇ ਰਿਵਾਜ ਵਿੱਚ ਫਸੇ ਭਾਰਤ ਦਾ ਭਵਿੱਖ ਸੋਚਣ ਦੇ ਲਈ ਕੋਈ ਤਿਆਰ ਹੀ ਨਹੀਂ

**ਜਤਿੰਦਰ ਪਨੂੰ ਦੀ ਕਲਮ ਤੋਂ**



ਅੱਧੀ ਸਦੀ ਪਹਿਲਾਂ ਦੇ ਭਾਰਤ ਵਿੱਚ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਸੀ ਤਾਂ ਹਰ ਪਾਸੇ 'ਗਰੀਬੀ ਹਟਾਉ' ਦੇ ਚਰਚੇ ਹੁੰਦੇ ਸਨ। ਬਾਅਦ ਵਿੱਚ ਅਸੀਂ ਰਾਜੀਵ ਗਾਂਧੀ ਦਾ ਦੌਰ ਵੇਖਿਆ, ਜਦੋਂ ਸਾਰਾ ਭਾਰਤ 'ਇੱਕੀਵੀਂ ਸਦੀ' ਵਿੱਚ ਦਾਖਲ ਹੋਣ ਲਈ ਇਹੋ ਜਿਹੀ ਦੌੜ ਲਾ ਰਿਹਾ ਸੀ, ਜਿਵੇਂ ਪਛੜ ਗਏ ਤਾਂ ਕਿਧਰੇ ਵੀਹਵੀਂ ਸਦੀ ਵਿੱਚ ਰਹਿ ਜਾਣ ਦਾ ਡਰ ਹੋਵੇ। ਫਿਰ ਅਸੀਂ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦਾ ਸਮਾਂ ਵੀ ਵੇਖਿਆ, ਜਦੋਂ 'ਸ਼ਾਈਨਿੰਗ ਇੰਡੀਆ' ਅਤੇ 'ਫੀਲ ਗੁੱਡ' ਬਾਰੇ ਚਰਚਾ ਏਨੀ ਕੁ ਤੇਜ਼ ਹੋ ਗਈ ਕਿ ਅਗਲੀ ਚੋਣ ਹਾਰਨ ਤੱਕ ਉਸ ਚਰਚਾ ਦੇ ਮਹਾ-ਰਥੀ ਖੁਦ 'ਫੀਲ'ਕਰਦੇ ਰਹੇ ਸਨ। ਉਸ ਪਿੱਛੋਂ ਸੰਸਾਰ ਪ੍ਰਸਿੱਧ ਆਰਥਿਕ ਮਾਹਰ ਡਾਕਟਰ ਮਨਮੋਹਨ ਸਿੰਘ ਦੇ ਅੰਕੜੇ ਸੁਣਦੇ ਲੋਕ ਅੱਕਣ ਲੱਗ ਪਏ, ਪਰ ਉਸ ਸਰਕਾਰ ਨਾਲ ਜੁੜੇ ਹੋਏ ਚੋਰਾਂ ਤੋਂ ਸਿਵਾ ਕਿਸੇ ਦੀ ਆਰਥਿਕਤਾ ਨਹੀਂ ਸੀ ਸੁਧਰੀ ਤੇ ਮੁਲਕ ਦੇ ਲੋਕ 'ਭਾਰਤ ਕੇ ਵਿਕਾਸ ਮੇਂ ਹੱਕ ਹੈ ਮੇਰਾ' ਦੇ ਡਾਇਲਾਗ ਸੁਣ-ਸੁਣ ਖੁਸ਼ ਹੁੰਦੇ ਰਹੇ ਸਨ। ਜਿਹੜੇ ਨਰਿੰਦਰ ਮੋਦੀ ਓਦੋਂ ਮਨਮੋਹਨ ਸਿੰਘ ਦੀ ਸਰਕਾਰ ਦੇ 'ਭਾਰਤ ਕੇ ਵਿਕਾਸ ਮੇਂ ਹੱਕ ਹੈ ਮੇਰਾ' ਦੇ ਜਵਾਬ ਵਿੱਚ 'ਭਾਰਤ ਕੇ ਵਿਕਾਸ ਮੇਂ ਸ਼ੱਕ ਹੈ ਮੇਰਾ' ਕਹਿੰਦੇ ਸਨ, ਉਨ੍ਹਾਂ ਨੇ ਵੀ ਆਸਾਂ ਬਹੁਤ ਜਗਾਈਆਂ, ਪਰ ਹਾਲਤ 'ਥੋਥਾ ਚਨਾ, ਬਾਜੇ ਘਨਾ' ਵਾਲੀ ਬਣ ਰਹੀ ਅਤੇ ਲੋਕ ਉਸ ਵਿਕਾਸ ਨੂੰ ਤਰਸਦੇ ਰਹਿ ਗਏ, ਜਿਹੜਾ ਉਨ੍ਹਾਂ ਦੀ ਕਿਸਮਤ ਵਿੱਚ ਨਹੀਂ ਸੀ। ਅੱਜ ਵੀ ਭਾਰਤ ਦੇ ਬਹੁਤੇ ਲੋਕਾਂ ਦੇ ਮਨਾਂ ਵਿੱਚ ਇਸ ਦੇਸ਼ ਦੇ ਭਵਿੱਖ ਬਾਰੇ ਚਿੰਤਾ ਘਟ ਨਹੀਂ ਰਹੀ, ਹਰ ਸਾਲ ਲਗਾਤਾਰ ਵਧਦੀ ਜਾ ਰਹੀ ਹੈ।

ਹਰ ਲੀਡਰ ਇਸ ਦਾ ਕਾਰਨ ਆਪੋ-ਆਪਣੀ ਰਾਜਨੀਤਕ ਲੋੜ ਮੁਤਾਬਕ ਦੱਸਦਾ ਹੈ। ਨਰਿੰਦਰ ਮੋਦੀ ਨੇ ਇਸ ਦਾ ਕਾਰਨ ਵਿਰੋਧੀ ਪਾਰਟੀਆਂ ਵੱਲੋਂ ਦੇਸ਼ ਦੇ ਲੋਕਾਂ ਨੂੰ 'ਮੁਫਤ ਦੀਆਂ ਰਿਉੜੀਆਂ' ਵੰਡਣਾ ਕਹਿ ਦਿੱਤਾ ਹੈ। ਖੁਦ ਨਰਿੰਦਰ ਮੋਦੀ ਨੇ ਪਹਿਲੀ ਵਾਰੀ ਭਾਰਤ ਦੀ ਅਗਵਾਈ ਸਾਂਭਣ ਵੇਲੇ 'ਰਿਉੜੀਆਂ' ਦੇ ਬੁੱਕ ਭਰ-ਭਰ ਵੰਡੇ ਸਨ, ਪਰ ਅਮਲ ਵਿੱਚ ਉਸ ਦੇ ਲਾਰੇ ਕਦੇ ਪੂਰੇ ਨਹੀਂ ਸਨ ਹੋਏ, ਜਦ ਕਿ ਬਾਕੀ ਧਿਰਾਂ ਨੇ ਕੁਝ ਨਾ ਕੁਝ ਲੋਕਾਂ ਦੀ ਝੋਲੀ ਵੀ ਪਾਇਆ ਹੈ। ਪੰਦਰਾਂ ਲੱਖ ਰੁਪਏ ਹਰ ਭਾਰਤੀ ਪਰਵਾਰ ਦੇ ਖਾਤੇ ਵਿੱਚ ਪਾਉਣ ਨੂੰ ਉਨ੍ਹਾਂ ਨੇ 'ਚੁਨਾਵ ਜੁਮਲਾ' ਕਹਿ ਕੇ ਟਾਲ ਦਿੱਤਾ, ਪਰ ਜਿਸ ਤਰ੍ਹਾਂ ਇਸ ਦੇਸ਼ ਵਿੱਚ 'ਰਿਉੜੀਆਂ' ਵੰਡਣ ਦੀ ਗੱਲ ਚੱਲਦੀ ਪਈ ਹੈ, ਉਹ ਉਸ ਦੇ ਬਾਅਦ ਵੀ ਰੁਕੀ ਨਹੀਂ। ਜਿਸ ਕਿਸੇ ਗਰੀਬ ਲਈ ਦਿਨ ਕੱਟਣੇ ਔਖੇ ਹੋਣ, ਉਹੋ ਜਿਹੇ ਗਰੀਬਾਂ ਨੂੰ ਸਹੂਲਤਾਂ ਦੇਣ ਦਾ ਮੈਂ ਵਿਰੋਧੀ ਨਹੀਂ, ਪਰ ਹਰ ਗੱਲ ਵਿੱਚ ਮੁਫਤ ਦਾ ਹੋਕਾ ਵੀ ਭਾਰਤ ਦੇਸ਼ ਅਤੇ ਪੰਜਾਬ ਦਾ ਭਲਾ ਕਰਨ ਵਾਲਾ ਨਹੀਂ, ਉਲਟਾ ਨੁਕਸਾਨ ਕਰਦਾ ਪਿਆ ਹੈ।

ਮੈਨੂੰ ਯਾਦ ਹੈ ਕਿ ਐਮਰਜੈਂਸੀ ਤੋਂ ਬਾਅਦ ਬਣੀ ਅਕਾਲੀ ਦਲ ਤੇ ਜਨਤਾ ਪਾਰਟੀ ਦੀ ਸਾਂਝੀ ਸਰਕਾਰ ਨੇ ਕਿਸਾਨਾਂ ਨੂੰ ਟਿਊਬਵੈੱਲਾਂ ਦੇ ਬਿੱਲਾਂ ਦੀ ਬਜਾਏ 'ਫਲੈਟ ਰੇਟ' ਦੀ ਸਹੂਲਤ ਦਿੱਤੀ ਤਾਂ ਖੇਤੀ ਯੂਨੀਵਰਸਿਟੀ ਦੇ ਇੱਕ ਪ੍ਰਮੁੱਖ ਮਾਹਰ ਨੇ ਲਿਖਿਆ ਸੀ ਕਿ ਇਹ ਸਹੂਲਤ ਪੰਜਾਬ ਦੀ ਧਰਤੀ ਹੇਠਲਾ ਪਾਣੀ ਖਤਮ ਕਰ ਦੇਵੇਗੀ। ਜਵਾਨੀ ਦੇ ਦਿਨਾਂ ਵਿੱਚ ਅਸੀਂ ਲੋਕ ਉਸ ਦੀ ਗੱਲ ਸਮਝ ਨਹੀਂ ਸੀ ਸਕੇ, ਹਾਲਾਂਕਿ ਉਸ ਨੇ ਇਸ ਦਾ ਕਾਰਨ ਵੀ ਦੱਸਿਆ ਸੀ ਕਿ ਬਿੱਲ ਵਧਣਾ-ਘਟਣਾ ਨਹੀਂ ਤਾਂ ਬਿਨਾਂ ਲੋੜ ਤੋਂ ਭਾਵੇਂ ਖਾਲਾਂ ਵਿੱਚ ਵਗੀ ਜਾਵੇ, ਕਿਸਾਨਾਂ ਨੇ ਮੋਟਰਾਂ ਬੰਦ ਕਰਨ ਦੀ ਚਿੰਤਾ ਹੀ ਨਹੀਂ ਕਰਨੀ ਅਤੇ ਨਹਿਰਾਂ ਦਾ ਪਾਣੀ ਵਰਤਣਾ ਛੱਡ ਦੇਣਾ ਹੈ। ਬਾਅਦ ਵਿੱਚ ਉਹੀ ਹੋਇਆ। ਟਿਊਬਵੈੱਲ ਜਿੰਨਾ ਮਰਜ਼ੀ ਚੱਲੀ ਜਾਵੇ, ਬਿੱਲ ਬੱਧੇ ਰੇਟ ਵਾਲਾ ਆਉਣ ਕਾਰਨ ਜੇਬ ਉੱਤੇ ਬੋਝ ਪੈਣ ਦੀ ਚਿੰਤਾ ਨਾ ਰਹਿ ਗਈ ਤਾਂ ਕਿਸਾਨਾਂ ਨੇ ਪਹਿਲਾਂ ਰਾਤ ਦੀ ਵਾਰੀ ਦਾ ਪਾਣੀ ਲਾਉਣਾ ਬੰਦ ਕੀਤਾ ਅਤੇ ਜਦੋਂ ਟਿਊਬਵੈੱਲਾਂ ਦੀ ਬਿਜਲੀ ਪੂਰੀ ਮਾਫ ਹੋ ਗਈ ਤਾਂ ਦਿਨੇ ਵੀ ਮੀਲ-ਮੀਲ ਦੂਰ ਵਾਲੇ ਨਹਿਰ ਦੇ ਨੱਕੇ ਤੱਕ ਕਿਸੇ ਖਾਲ ਦੀ ਵੱਟ ਉੱਤੇ ਤੁਰਨ ਦੀ ਲੋੜ ਨਹੀਂ ਸੀ। ਅੰਨ੍ਹੇਵਾਹ ਪਾਣੀ ਵਰਤਣ ਨਾਲ ਪੰਜਾਬ ਦਾ ਪਾਣੀ ਹੇਠਾਂ ਜਾਣ ਲੱਗ ਪਿਆ ਤੇ ਨਹਿਰਾਂ ਅਤੇ ਸੂਇਆਂ ਦੇ ਪਾਣੀ ਨਾਲ ਧਰਤੀ ਹੇਠਲੇ ਪਾਣੀ ਮੁੜ ਕੇ ਚਾਰਜ ਹੋਣ ਦੀ ਪ੍ਰਕਿਰਿਆ ਵੀ ਖਤਮ ਹੁੰਦੀ ਗਈ। ਪੱਕੇ ਖਾਲ ਬਣ ਗਏ ਤਾਂ ਧਰਤੀ ਹੇਠ ਪਾਣੀ ਜਾਣਾ ਹੋਰ ਘਟਣ ਲੱਗ ਪਿਆ ਤੇ ਰਾਤ-ਦਿਨ ਚੱਲਦੇ ਟਿਊਬਵੈੱਲਾਂ ਨੇ ਪੰਜਾਬ ਦੀ ਧਰਤੀ ਦੇ ਡੋਕੇ ਖਿੱਚ ਕੇ ਸੋਕੇ ਦਾ ਖਤਰਾ ਬਣਾ ਦਿੱਤਾ ਹੈ।

ਬਾਅਦ ਵਿੱਚ ਜਦੋਂ ਸ਼ਹਿਰਾਂ ਦੇ ਕੁਝ ਵਰਗਾਂ ਨੂੰ ਵੀ ਪਾਣੀ ਦੀ ਮੁਫਤ ਸਹੂਲਤ ਦਿੱਤੀ ਤਾਂ ਘਰਾਂ ਵਿੱਚ ਲੱਗੀਆਂ ਟੂਟੀਆਂ ਸਾਰੀ ਰਾਤ ਜਾਂ ਸਾਰਾ ਦਿਨ ਚੱਲੀ ਜਾਣ, ਕੋਈ ਬੰਦ ਕਰਨ ਦੀ ਲੋੜ ਹੀ ਨਹੀਂ ਮੰਨਦਾ। ਖੇਤਾਂ ਵਿੱਚ ਜਿੰਨੀ ਪਾਣੀ ਦੀ ਬਰਬਾਦੀ ਹੁੰਦੀ ਹੈ, ਉਸ ਦੀ ਚਰਚਾ ਹਰ ਪਾਸੇ ਚੱਲਦੀ ਹੈ, ਪਰ ਸ਼ਹਿਰਾਂ ਵਿੱਚ ਇਸ ਤਰ੍ਹਾਂ ਜਿੰਨਾ ਪਾਣੀ ਅਜਾਈਂ ਰੁੜ੍ਹਦਾ ਅਸੀਂ ਰੋਜ਼ ਵੇਖਦੇ ਹਾਂ, ਉਸ ਦੀ ਕਦੀ ਕੋਈ ਚਰਚਾ ਨਹੀਂ ਹੁੰਦੀ। ਪੰਜਾਬ ਦੇ ਜਿਸ ਖੇਤੀ ਮਾਹਰ ਦੀ ਗੱਲ ਅਸੀਂ ਉਪਰ ਕੀਤੀ ਹੈ, ਉਸ ਨੇ ਓਦੋਂ ਕਿਹਾ ਸੀ ਕਿ ਬਿੱਲ ਫਲੈਟ ਕਰਨ ਦੀ ਥਾਂ ਅੱਧੇ ਵੀ ਕਰੋਗੇ ਤਾਂ ਬਿੱਲ ਘੱਟ ਕਰਨ ਲਈ ਕਿਸਾਨਾਂ ਨੂੰ ਬਿਨਾਂ ਵਜ੍ਹਾ ਚੱਲਦੀ ਮੋਟਰ ਬੰਦ ਕਰਨ ਦੀ ਕੁਝ ਨਾ ਕੁਝ ਚਿੰਤਾ ਰਹੇਗੀ, ਪਰ ਮੁਫਤ ਨਾਲ ਬੇੜਾ ਗਰਕ ਕੀਤਾ ਗਿਆ ਸੀ। ਇਹੋ ਗੱਲ ਸ਼ਹਿਰਾਂ ਵਾਲੇ ਗਰੀਬਾਂ ਬਾਰੇ ਕਹੀ ਜਾ ਸਕਦੀ ਹੈ ਕਿ ਜਿਨ੍ਹਾਂ ਵਰਗਾਂ ਨੂੰ ਸਹੂਲਤ ਦੇਣੀ ਹੈ, ਬਿੱਲ ਦੀ ਰਕਮ ਏਨੀ ਘੱਟ ਕਰ ਦਿੱਤੀ ਜਾਵੇ ਕਿ ਉਹ ਸੌਖੀ ਦੇ ਲੈਣ, ਪਰ ਮੁਫਤ ਨਾ ਕੀਤੀ ਜਾਵੇ। ਸਸਤੀ ਹੋਵੇ, ਪਰ ਜਦੋਂ ਬਿੱਲ ਦੇਣਾ ਹੋਵੇ ਤਾਂ ਹਰ ਕੋਈ ਸੌ-ਪੰਜਾਹ ਰੁਪਏ ਕੀ, ਵੀਹ-ਤੀਹ ਰੁਪਏ ਬਚਾਉਣ ਦੀ ਕੋਸ਼ਿਸ਼ ਵੀ ਕਰਦਾ ਹੈ, ਪਰ ਜਦੋਂ ਇਹ ਪਤਾ ਹੋਵੇ ਕਿ ਬਿੱਲ ਕਦੇ ਆਉਣਾ ਹੀ ਨਹੀਂ, ਫਿਰ ਟੂਟੀਆਂ ਰਾਤ-ਦਿਨ ਚੱਲੀ ਜਾਣ, ਕੋਈ ਇਨ੍ਹਾਂ ਨੂੰ ਬੰਦ ਕਰਨ ਦੀ ਚਿੰਤਾ ਨਹੀਂ ਕਰਦਾ।

ਪਿਛਲੇ ਸਾਲਾਂ ਵਿੱਚ ਜਦੋਂ ਲੋਕਾਂ ਨੂੰ ਸਸਤੇ ਅਨਾਜ ਦੀ ਸਹੂਲਤ ਦਿੱਤੀ ਗਈ ਤਾਂ ਇਹ ਗਰੀਬਾਂ ਅਤੇ ਦਲਿਤ ਵਰਗ ਦੇ ਲੋਕਾਂ ਲਈ ਸੀ, ਹਾਲਾਂਕਿ ਦਲਿਤ ਭਾਈਚਾਰੇ ਵਿੱਚੋਂ ਵੀ ਜਿਹੜੇ ਟੈਕਸ ਦੇਣ ਜੋਗੇ ਹੁੰਦੇ ਹਨ, ਉਨ੍ਹਾਂ ਨੂੰਇਹ ਸਹੂਲਤ ਦੇਣ ਦੀ ਲੋੜ ਨਹੀਂ ਸੀ, ਪਰ ਖਾਂਦੇ ਪੀਂਦੇ ਹੋਰ ਵਰਗਾਂ ਦੇ ਲੋਕ ਵੀ ਇਸ ਨੂੰ ਮਾਨਣ ਲੱਗ ਪਏ। ਸਰਕਾਰਾਂ ਦਾ ਹਾਲ ਇਹ ਸੀ ਕਿ ਹਰ ਵਾਰੀ ਪਹਿਲੇ ਚਾਰ ਸਾਲ ਕਦੀ ਇੱਕ ਮਹੀਨਾ ਪਛੜ ਕੇ ਅਤੇ ਕਦੀ ਦੋ ਮਹੀਨੇ ਪਛੜਨ ਪਿੱਛੋਂ ਤੀਸਰੇ ਤੇ ਚੌਥੇ ਸਾਲ ਕਈ-ਕਈ ਮਹੀਨੇ ਰਾਸ਼ਣ ਰੋਕ ਕੇ ਰੱਖਿਆ ਜਾਂਦਾ ਅਤੇ ਪੰਜਵੇਂ ਸਾਲ ਲੋਕਾਂ ਨੂੰ ਏਦਾਂ ਵੰਡਿਆ ਜਾਂਦਾ ਕਿ ਸਵੇਰੇ ਜੁਲਾਈ ਦਾ ਰਾਸ਼ਣ ਵੰਡ ਕੇ ਸ਼ਾਮ ਨੂੰ ਅਗਸਤ ਦੇ ਰਾਸ਼ਨ ਦੀ ਅਨਾਊਂਸਮੈਂਟ ਹੋ ਜਾਂਦੀ ਸੀ। ਏਨਾ ਮਾਲ ਖੜੇ ਪੈਰ ਲੋਕਾਂ ਨੇ ਖਾ ਨਹੀਂ ਸੀ ਲੈਣਾ ਅਤੇ ਬਹੁਤੀ ਦੇਰ ਸੰਭਾਲਿਆ ਨਹੀਂ ਸੀ ਜਾ ਸਕਦਾ, ਲੋਕ ਲੈ ਲੈਂਦੇ ਅਤੇ ਸ਼ਾਮ ਹੁੰਦੀ ਨੂੰ ਉਹ ਮਾਲ ਬਾਜ਼ਾਰਾਂ ਵਿਚਲੇ ਕੁਝ ਬਦਨਾਮ ਦੁਕਾਨਦਾਰਾਂ ਨੂੰ 'ਲੱਗੇ ਭਾਅ' ਵੇਚਿਆ ਜਾਂਦਾ ਦਿੱਸਦਾ ਸੀ। ਪੰਜਾਬ ਵਿੱਚ ਨਵੀਂ ਸਰਕਾਰ ਆਈ ਤਾਂ ਸਾਰੇ ਲੋਕਾਂ ਨੂੰ ਤਿੰਨ ਸੌ ਯੂਨਿਟ ਮੁਫਤ ਬਿਜਲੀ ਮਿਲਣ ਨੇ ਚੋਰੀ ਹੋਰ ਵਧਾ ਦਿੱਤੀ। ਜਿਹੜੇ ਘਰਾਂ ਵਿੱਚ ਪਹਿਲਾਂ ਪੰਜ ਹਜ਼ਾਰ ਰੁਪਏ ਤੋਂ ਵੱਧ ਬਿੱਲ ਆਉਂਦਾ ਸੀ, ਅੱਜ ਉਨ੍ਹਾਂ ਦਾ ਨਹੀਂ ਆਉਂਦਾ ਤਾਂ ਇਸ ਦਾ ਕਾਰਨ ਬਿਜਲੀ ਦੀ ਵਰਤੋਂ ਘੱਟ ਕਰਨਾ ਨਹੀਂ, ਚੋਰੀ ਦੇ ਨਵੇਂ ਰਾਹ ਲੱਭ ਗਏ ਹਨ। ਸਾਂਝੇ ਵੱਸਦੇ ਪਰਵਾਰ ਦਾ ਪਹਿਲਾ ਇੱਕੋ ਮੀਟਰ ਸੀ, ਅੱਜ ਮਾਂ-ਬਾਪ ਦਾ ਵੱਖਰਾ ਮੀਟਰ ਤੇ ਪੁੱਤਰਾਂ ਦੇ ਨਾਂਅ ਘਰ ਦੇ ਕਮਰੇ ਵੰਡਵੇਂ ਲਿਖਾ ਕੇ ਇੱਕੋ ਘਰ ਵਿੱਚ ਤਿੰਨ-ਚਾਰ ਮੀਟਰ ਤੱਕ ਲੱਗੇ ਹੋਣ ਦੀਆਂ ਗੱਲਾਂ ਸਾਡੇ ਤੱਕ ਪਹੁੰਚ ਰਹੀਆਂ ਹਨ, ਪਰ ਚੈੱਕ ਕੋਈ ਇਸ ਲਈ ਨਹੀਂ ਕਰਦਾ ਕਿ ਲੋਕ ਅੱਗੋਂ ਲੜਨ ਲੱਗਦੇ ਹਨ। 'ਮਾਲ-ਇ-ਮੁਫਤ, ਦਿਲ-ਇ-ਬੇਰਹਿਮ' ਦੀ ਆਦਤ ਨੇ ਸਰਕਾਰੀ ਖਜ਼ਾਨੇ ਦੇ ਸਾਹ ਸੂਤ ਲਏ ਹਨ।

ਜਦੋਂ ਸਰਕਾਰ ਨੇ ਬਜ਼ੁਰਗਾਂ ਅਤੇ ਬੇਸਹਾਰਾ ਲੋਕਾਂ, ਜਿਨ੍ਹਾਂ ਵਿੱਚ ਵਿਧਵਾ ਤੇ ਸਰੀਰਕ ਪੱਖੋਂ ਕੁਦਰਤੀ ਚੁਣੌਤੀ ਦਾ ਸਾਹਮਣਾ ਕਰਦੇ ਲੋਕ ਸ਼ਾਮਲ ਹਨ, ਲਈ ਪੈਨਸ਼ਨਾਂ ਦੀ ਸ਼ੁਰੂਆਤ ਕੀਤੀ ਤਾਂ ਲੱਖਾਂ ਬੇਈਮਾਨ ਇਹੋ ਜਿਹੇ ਨਿਕਲ ਆਏ, ਜਿਹੜੇ ਸਭ ਕੁਝ ਘਰ ਵਿੱਚ ਹੋਣ ਦੇ ਬਾਵਜੂਦ ਮੁਫਤ ਦਾ ਮਾਲ ਲੈਣ ਲੱਗ ਪਏ। ਪਿਛਲੇ ਸਾਲ ਹੁਸ਼ਿਆਰਪੁਰ ਵਿੱਚ ਇੱਕ ਇਹੋ ਜਿਹਾ ਬੰਦਾ ਲਗਜ਼ਰੀ ਕਾਰ ਉੱਤੇ ਸਸਤਾ ਰਾਸ਼ਣ ਡਿਪੂ ਤੋਂ ਲੈ ਕੇ ਤੁਰਿਆ ਤਾਂ ਉਸ ਦੀ ਵੀਡੀਓ ਹਰ ਪਾਸੇ ਚਰਚਾ ਵਿੱਚ ਆ ਗਈ ਸੀ। ਉਸ ਦੇ ਬਾਅਦ ਮਾਲਵੇ ਦੇ ਇੱਕ ਜੋੜੇ ਦੀ ਚਰਚਾ ਛਿੜੀ, ਜਿਸ ਦਾ ਮੁਖੀ ਕਿਸੇ ਸਕੂਲ ਦਾ ਪ੍ਰਿੰਸੀਪਲ ਅਤੇ ਪਤਨੀ ਕਿਸੇ ਹੋਰ ਸਕੂਲ ਵਿੱਚ ਲੈਕਚਰਾਰ ਹੈ, ਦੋਵੇਂ ਵੱਖੋ-ਵੱਖ ਕਾਰਾਂ ਉੱਤੇ ਸਕੂਲ ਜਾਂਦੇ ਹਨ, ਪਰ ਉਹ ਨੀਤ ਵੱਲੋਂ ਏਨੇ 'ਗਰੀਬੜੇ' ਹਨ ਕਿ ਗਰੀਬਾਂ ਲਈ ਮੁਫਤ ਦਾ ਰਾਸ਼ਣ ਲੈਣ ਦਾ ਕਾਰਡ ਬਣਾ ਲਿਆ ਹੈ। ਜਦੋਂ ਇਹ ਜਿਹੇ ਬੰਦੇ ਦੀ ਗੱਲ ਚੱਲਦੀ ਹੈ ਤਾਂ ਉਹ ਆਪਣੇ ਆਪ ਨੂੰ ਬੇਈਮਾਨ ਨਹੀਂ ਮੰਨਦੇ, ਸਰਕਾਰੀ ਸਹੂਲਤਾਂ ਮਾਨਣ ਦੀ ਅਕਲ ਦਾ ਸਬਕ ਸਿਖਾਉਣ ਲੱਗਦੇ ਹਨ। ਔਰਤਾਂ ਲਈ ਬੱਸਾਂ ਦੇ ਮੁਫਤ ਸਫਰ ਦੀ ਸਹੂਲਤ ਦੀ ਦੁਰਵਰਤੋਂ ਦੇ ਕਈ ਕਿੱਸੇ ਸੁਣਦੇ ਹਾਂ, ਪਰ ਕਿਸੇ ਨੂੰ ਟੋਕਣ ਤੋਂ ਹਰ ਕੋਈ ਇਸ ਲਈ ਡਰਦਾ ਹੈ ਕਿ ਮੁਫਤ ਖੋਰੇ ਅੱਗੋਂ ਲੜਨਨੂੰ ਤਿਆਰ ਹੁੰਦੇ ਹਨ।

ਅਗਲੇ ਸਾਲ ਫਿਰ ਪਾਰਲੀਮੈਂਟ ਦੇ ਹੇਠਲੇ ਹਾਊਸ ਦੀਆਂ ਚੋਣਾਂ ਹੋਣੀਆਂ ਹਨ, ਜਿਨ੍ਹਾਂ ਵਿੱਚ ਲੋਕਾਂ ਕੋਲੋਂ ਵੋਟਾਂ ਲੈਣ ਲਈ ਭਵਿੱਖ ਦਾ ਨਕਸ਼ਾ ਨਹੀਂ ਵਿਖਾਇਆ ਜਾਣਾ, ਮੁਫਤ ਜਾਂ ਮੁਫਤ ਵਰਗੀਆਂ ਉਹ ਸਹੂਲਤਾਂ ਦੇਣ ਦੇ ਲਾਰੇ ਲਾਉਣ ਦਾ ਕੰਮ ਤੇਜ਼ ਹੋ ਜਾਣਾ ਹੈ, ਸਗੋਂ ਹੋ ਗਿਆ ਹੈ, ਜਿਨ੍ਹਾਂ ਨੂੰ 'ਰਿਉੜੀਆਂ' ਕਹਿ ਕੇ ਭੰਡਿਆ ਜਾਂਦਾ ਹੈ। ਭਾਰਤੀ ਜਨਤਾ ਪਾਰਟੀ ਅਗਲੇ ਸਾਲ ਲਈ ਆਪਣੇ ਉਨ੍ਹਾਂ ਮਾਹਰਾਂ ਦੀ ਟੀਮ ਲਾ ਚੁੱਕੀ ਹੈ, ਜਿਹੜੇ ਲਾਰਿਆਂ ਦੇ ਲਾਲੀਪਾਪ ਪੇਸ਼ ਕਰਨ-ਅਤੇ ਸਿਰੇ ਦੇ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰਨਾ ਵੀ ਜਾਣਦੇ ਹਨ। ਪਿਛਲੇ ਸਾਲ 'ਮਨ ਕੀ ਬਾਤ' ਦੇ ਪ੍ਰੋਗਰਾਮ ਵਿੱਚ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਔਰਤ ਨਾਲ ਗੱਲਾਂ ਕੀਤੀਆਂ ਤਾਂ ਅੱਧੇ ਘੰਟੇ ਬਾਅਦ ਉਸ ਔਰਤ ਦਾ ਬਿਆਨ ਆ ਗਿਆ ਕਿ ਇਸ ਵਿੱਚ ਕੋਈ ਗੱਲ ਸੱਚੀ ਨਹੀਂ, ਮੈਂ ਉਹ ਕੁਝ ਕਹਿੰਦੀ ਰਹੀ ਸਾਂ, ਜਿਹੜਾ ਮੈਨੂੰ ਦੱਸਿਆ ਗਿਆ ਸੀ। ਫਿਰ ਪੱਛਮੀ ਬੰਗਾਲ ਦੀ ਇੱਕ ਔਰਤ ਦਾ ਜ਼ਿਕਰ ਕੀਤਾ ਗਿਆ ਕਿ ਉਸ ਕੋਲ ਘਰ ਨਹੀਂ ਸੀ, ਪ੍ਰਧਾਨ ਮੰਤਰੀ ਦੀ ਯੋਜਨਾ ਸਦਕਾ ਉਸ ਨੂੰ ਘਰ ਮਿਲਿਆ ਤੇ ਹੋਰ ਸਹੂਲਤਾਂ ਵੀ, ਪਰ ਧੋਬੀ ਘਾਟ ਉੱਤੇ ਕੱਪੜੇ ਧੋਂਦੀ ਉਸ ਔਰਤ ਕੋਲ ਜਦੋਂ ਪੱਤਰਕਾਰ ਪਹੁੰਚੇ ਤਾਂ ਉਸ ਨੂੰ ਪਤਾ ਨਹੀਂ ਸੀ ਕਿ ਉਸ ਦਾ ਨਾਂਅ ਪ੍ਰਧਾਨ ਮੰਤਰੀ ਨੇ ਲਿਆ ਹੈ। ਰਹੀ ਗੱਲ ਉਸ ਕੋਲ ਲੋੜ ਜੋਗਾ ਘਰ ਹੋਣ ਦੀ, ਉਸ ਦੇ ਇੱਕ ਕਮਰੇ ਦੇ ਘਰ ਵਿੱਚ ਕਈ ਲੋਕ ਰਹਿੰਦੇ ਸਨ ਤੇ ਜਿਸ ਹਾਲਤ ਵਿੱਚ ਔਰਤ ਅਤੇ ਉਸ ਦਾ ਪਰਵਾਰ ਗੁਜ਼ਾਰਾ ਕਰਦਾ ਪਿਆ ਸੀ, ਉਸ ਨੂੰ ਅੱਜ ਦੇ ਯੁੱਗ ਦੇ ਹਾਣ ਦਾ ਵਸੇਬਾ ਨਹੀਂ ਕਿਹਾ ਜਾ ਸਕਦਾ।

ਕਹਿਣ ਤੋਂ ਇਹ ਅਰਥ ਬਿਲਕੁਲ ਨਹੀਂ ਲਿਆ ਜਾ ਸਕਦਾ ਕਿ ਸਿਰਫ ਭਾਜਪਾ ਜਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੀ ਏਦਾਂ ਦੇ 'ਚੁਨਾਵ ਜੁਮਲੇ' ਪੇਸ਼ ਕਰ ਕੇ ਵੋਟਾਂ ਲੈਣ ਦਾ ਕੰਮ ਕਰਦੇ ਹਨ, ਸੱਚਾਈ ਇਹ ਹੈ ਕਿ ਹਰ ਪਾਰਟੀ ਦਾ ਹਰ ਆਗੂ ਵੋਟਾਂ ਲੈਣ ਲਈ ਕਿਸੇ ਵੀ ਹੱਦ ਤੱਕ ਚਲਾ ਜਾਂਦਾ ਹੈ। ਜਿਸ ਵੋਟਰ-ਭਗਵਾਨ ਦੀ ਕ੍ਰਿਪਾ ਨਾਲ ਕੁਰਸੀ ਮਿਲਣੀ ਹੁੰਦੀ ਹੈ, ਜਿਹੜੇ ਲੀਡਰ ਉਸ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਤੋਂ ਨਹੀਂ ਝਿਜਕਦੇ, ਉਨ੍ਹਾਂ ਨੂੰ ਇਹ ਚਿੰਤਾ ਵੀ ਨਹੀਂ ਹੋ ਸਕਦੀ ਕਿ ਉਨ੍ਹਾਂ ਦੇ ਇਨ੍ਹਾਂ ਕਦਮਾਂ ਜਾਂ 'ਮੁਫਤ ਦੀਆਂ ਰਿਉੜੀਆਂ' ਨਾਲ ਭਾਰਤ ਦਾ ਭਵਿੱਖ ਕੀ ਹੋਵੇਗਾ! ਉਨ੍ਹਾਂ ਦੀ ਸਿਰਫ ਇੱਕੋ ਅਤੇ ਪਹਿਲੀ ਚਿੰਤਾ ਹੁੰਦੀ ਹੈ ਕਿ ਜਿੱਦਾਂ ਵੀ ਹੋ ਸਕੇ, ਚੋਣ-ਟਰੈਕ ਉੱਤੇ ਦੌੜਦੇ ਰਾਜਨੀਤੀ ਦੇ ਖਿਡਾਰੀਆਂ ਨੂੰ ਪਛਾੜ ਕੇ ਜਿੱਤ ਦੀ ਲਾਈਨ ਤੱਕ ਕਿਵੇਂ ਪੁੱਜਣਾ ਹੈ। ਪੁਰਾਣੇ ਸਮਿਆਂ ਦੇ ਰਾਜੇ ਦੂਸਰੇ ਰਾਜ ਦੇ ਮਹਿਲਾਂ ਤੇ ਕਿਲ੍ਹਿਆਂ ਉੱਤੇ ਕਬਜ਼ਾ ਕਰਨ ਦੀ ਲੋੜ ਪਵੇ ਤਾਂ ਲਾਸ਼ਾਂ ਦੀ ਪੌੜੀ ਬਣਾਉਣ ਤੋਂ ਨਹੀਂ ਸਨ ਝਿਜਕਦੇ ਹੁੰਦੇ। ਅੱਜ ਦੇ ਰਾਜੇ ਵੀ ਜਦੋਂ ਸਿਰਫ ਕੁਰਸੀ ਦੀ ਚਿੰਤਾ ਵਿੱਚ ਗਲਤਾਨ ਹੋਣਗੇ ਤਾਂ ਉਨ੍ਹਾਂ ਪੁਰਾਣੇ ਰਾਜਿਆਂ ਵਾਲੇ ਹਰਬੇ ਵਰਤਣ ਲੱਗਣਗੇ ਤੇ ਇਹ ਹੀ ਗੱਲ ਭਾਰਤ ਦੇ ਅੱਜ ਤੱਕ ਦੇ ਦੌਰ ਵਿੱਚ ਭਾਰੂ ਰਹੀ ਸੀ ਅਤੇ ਅੱਗੋਂ ਵੀ ਖਹਿੜਾ ਨਹੀਂ ਛੱਡਦੀ ਜਾਪਦੀ। ਏਦਾਂ ਦੇ ਦੇਸ਼ ਵਿੱਚ ਜਦੋਂ ਸਾਰੇ ਆਗੂਆਂ ਨੂੰ ਪਤਾ ਹੋਵੇ ਕਿ ਲਾਰਿਆਂ ਨਾਲ ਵੋਟਾਂ ਲੈਣਾ ਔਖਾ ਨਹੀਂ, ਬਾਹਲੀ ਲੋੜ ਪੈ ਜਾਵੇ ਤਾਂ 'ਰਿਉੜੀਆਂ' ਦੀਜਿਹੜੀ ਕੋਈ ਮੁੱਠ ਦੇਣੀ ਪੈ ਜਾਵੇ ਤਾਂ ਉਹ ਵੀ ਲੋਕਾਂ ਦੇ ਪੱਲਿਉਂ ਦੇਣੀ ਹੈ, ਓਥੇ ਅਸਲ ਭਲਾਈ ਦੀ ਲੋੜ ਨਹੀਂ ਰਹਿੰਦੀ।


## Dr. Randhawa Dentistry

*Your own dentist who really cares for you*

**We Provide the following Services:**
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd / Mcvean Dr / Gore Rd / Squire Ellis Dr / DENTISTRY / Countryside Dr



## NEEDED FULL-TIME CONSTRUCTION WORKER

*(Required Canadian Citizen or Permanent Resident)*

**Decon Construction Inc. is a small business in Brampton, ON L6X 2M1. We are professional, fast-paced, and demanding.** We are looking for a Construction Worker to join our team and assist in the completion of various construction projects. The ideal candidate for this position will have experience in the construction industry, be able to lift heavy objects, and have a strong work ethic. The successful candidate will be responsible for a variety of tasks, including demolition, digging trenches, mixing concrete, and cleaning up job sites.

**Responsibilities:**
- Load, unload and transport construction materials
- Operate mobile and tower cranes to lift, move, position or place equipment and materials
- Clean and lubricate cranes
- Erect and dismantle concrete forms, scaffolding, ramps, catwalks shoring and barricades
- Operate pile driving cranes to drive pilings into earth to provide support for buildings and other structures
- Mix, pour and spread materials
- Operate cranes equipped with dredging attachments to dredge waterways and other areas
- Assemble tower cranes on site
- Assist heavy equipment operators
- Operate gantry cranes to load and unload ship cargo at port side
- Assist in drilling and blasting rock on construction sites
- Assist in framing houses, erecting walls and building roofs
- Level earth to fine grade specifications
- Assist in demolishing buildings
- Perform pre-operational inspection, and calculate crane capacities and weight to prepare for rigging and hoisting
- Perform routine maintenance work
- Clean up chemical spills and other contaminants
- Remove rubble and other debris at construction sites
- Tend or feed machines or equipment used in construction
- Direct traffic at or near construction sites
- Read and interpret blueprints

**Additional Information**
Work conditions and physical capabilities
- Fast-paced environment
- Work under pressure
- Physically demanding
- Handling heavy loads
- Hand-eye co-ordination

**Personal suitability**
- Dependability
- Flexibility
- Reliability
- Team player

**Experience**
Experience an asset
Work site environment
- Outdoors
- At heights
- Noisy

**Job Type: Full-time**
**Salary: $27.00 per hour**

**Benefits:**
- Paid time off

**Flexible Language Requirement:**
- French not required

**Language:**
- English (preferred)

**Schedule:**
- Monday to Friday

**Supplemental pay types:**
- Overtime pay

**Ability to commute/relocate:**
- Brampton, ON L6X 2M1: reliably commute or plan to relocate before starting work (required)

**Experience:**
- construction (preferred)

**Shift availability:**
- Day Shift (preferred)

**Work Location:** In person

**Submit Resume:**
naeem@decongroup.ca



## Grand Upholstery Ltd
**Sofa Company** Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

**Tel: 905.791.2888 Cell: 647.293.3212**
2053 Williams Pkwy, Unit -45, Brampton | Email: grandupholstery@gmail.com

# ਮਹਾਨ ਸ਼ਹੀਦ ਭਾਈ ਫਤਿਹ ਸਿੰਘ

-ਬਰਜਿੰਦਰ ਸਿੰਘ ਸਿੱਧੂ

ਸ਼ਹੀਦ ਭਾਈ ਫਤਿਹ ਸਿੰਘ ਜੀ ਮਹਾਨ ਜਰਨੈਲ ਅਤੇ ਸਿੱਖ ਕੌਮ ਦੇ ਪਹਿਲੇ ਗਵਰਨਰ ਹੋਏ ਹਨ। ਆਪ ਜੀ ਦਾ ਜਨਮ ਮਹਾਨ ਤੇਜੱਸਵੀ ਭਾਈ ਭਗਤੂ ਜੀ ਦੇ ਖਾਨਦਾਨ ਵਿੱਚ ਹੋਇਆ ਸੀ। ਆਪ ਦੇ ਪੜਦਾਦਾ ਭਾਈ ਭਗਤੂ ਜੀ ਚੌਥੇ ਗੁਰੂ ਰਾਮਦਾਸ ਜੀ ਦੇ ਵਰ ਨਾਲ ਪੈਦਾ ਹੋਏ ਸਨ ਅਤੇ ਉਨ੍ਹਾਂ ਨੂੰ ਮਾਤਾ ਭਾਨੀ ਜੀ ਦੀ ਗੋਦ ਦਾ ਨਿੱਘ ਮਾਣਨ ਅਤੇ ਬਚਪਨ ਗੁਰੂ ਅਰਜੁਨ ਜੀ ਨਾਲ ਖੇਡ ਕੇ ਬਿਤਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ।ਗੁਰੂ ਅਰਜੁਨ ਭਗਤੂ ਜੀ ਨੂੰ ਭਰਾ ਸਮਝ ਕੇ ਭਾਈ ਕਹਿ ਕੇ ਪੁਕ-ਾਰਦੇ ਸਨ। ਜਿਸ ਕਾਰਨ ਭਾਈ ਦੀ ਉਪਾਧੀ ਜੁੜ ਕੇ ਆਪਦਾ ਨਾਮ ਭਾਈ ਭਗਤੂ ਪੈ ਗਿਆ।ਅੱਜ ਵੀ ਉਨ੍ਹਾਂ ਦੇ ਵੰਸ਼ ਦੇ ਲੋਕ ਆਪਣੇ ਨਾਮ ਨਾਲ ਭਾਈਕਾ ਤਖੱਲਸ ਜੋੜ ਕੇ ਫਖਰ ਮਹਿਸੂਸ ਕਰਦੇ ਹਨ।

ਭਾਈ ਸਾਹਿਬ ਚਾਰ ਭਰਾ ਭਾਈ ਬਖਤੂ ਭਾਈ ਤਖਤੂ ਭਾਈ ਰਾਮ ਸਿੰਘ ਅਤੇ ਭਾਈ ਫਤਿਹ ਸਿੰਘ ਸਨ । ਜਿੰਨ੍ਹਾਂ ਦੇ ਨਾਮ ਤੇ ਬਠਿੰਡਾ ਜ਼ਿਲ੍ਹੇ ਵਿੱਚ ਤਿੰਨ ਪਿੰਡ ਚੱਕ ਬਖਤੂ, ਚੱਕ ਰਾਮ ਸਿੰਘ ਵਾਲਾ ਅਤੇ ਚੱਕ ਫਤਿਹ ਸਿੰਘ ਵਾਲਾ ਵਸੇ ਹੋਏ ਹਨ। ਭਾਈ ਤਖਤੂ ਜੀ ਦੇ ਕੋਈ ਔਲਾਦ ਨਹੀਂ ਸੀ। ਆਪ ਦਾ ਖਾਨਦਾਨ ਗੁਰੂ ਪ੍ਰੀਵਾਰਾਂ ਨਾਲ ਜੁੜਿਆ ਹੋਇਆ ਸੀ ਜਿਸਦਾ ਸ਼ਾਨਾਂਮੱਤਾ ਇਤਿਹਾਸ ਹੈ।ਆਪ ਦੇ ਵੰਸ਼ ਨੇ ਜੀਂਦ ਰਿਆਸਤ ਉਪਰ ਵੀ ਰਾਜ ਕੀਤਾ ਹੈ।

ਜਿਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਪਹੁੰਚੇ ਤਾਂ ਉਸ ਸਮੇਂ ਚਾਰੇ ਭਰਾ ਚੱਕ ਫਤਿਹ ਸਿੰਘ ਵਾਲਾ ਵਿਖੇ ਰਹਿੰਦੇ ਸਨ। ਗੁਰੂ ਜੀ ਦਾ ਆਗਮਨ ਸੁਣ ਕੇ ਚਾਰੇ ਭਰਾ ਦਰਸ਼ਨਾਂ ਲਈ ਉਨ੍ਹਾਂ ਪਾਸ ਪਹੁੰਚੇ ਅਤੇ ਗੁਰੂ ਸਾਹਿਬ ਦੇ ਹੱਥੋਂ ਅੰਮ੍ਰਿਤ ਛਕ ਕੇ ਸਿੰਘ ਸਜ਼ ਗਏ। ਜਦੋਂ ਵਾਪਿਸ ਮੁੜਣ ਲੱਗੇ ਤਾਂ ਗੁਰੂ ਸਾਹਿਬ ਨੇ ਕਿਹਾ ਕਿ "ਭਾਈ ਕਿਉ" ( ਭਾਈ ਖਾਨਦਾਨ ਦੇ ਵਾਰਸੋ ) ਅਸੀਂ ਤੁਹਾਡੇ ਪਿੰਡ ਤੁਹਾਡੇ ਪ੍ਰੀਵਾਰ ਨੂੰ ਮਿਲਣ ਆਵਾਂਗੇ। ਇਹ ਸੁਣ ਕੇ ਸਾਰੇ ਭਰਾ ਅੰਦਰੋਂ ਤਾਂ ਖੁਸ਼ ਹੋਏ ਪਰ ਉਸ ਸਮੇਂ ਗਰਮੀਂ ਅਤੇ ਗੁਰੂ ਸਹਿਬ ਦੇ ਰਹਿਣ ਲਾਇਕ ਸਾਧਨ ਨਾਂ ਹੋਣ ਕਰਕੇ ਘਬਰਾ ਗਏ ਅਤੇ ਗੁਰੂ ਸਾਹਿਬ ਨੂੰ ਨਾਂ ਆਉਣ ਲਈ ਬੇਨਤੀ ਕਰਨ ਲੱਗੇ। ਪਰ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਜਾਓ ਅਤੇ ਤਿਆਰੀ ਕਰੋ।

ਪਿੰਡ ਆ ਕੇ ਸਾਰੇ ਭਰਾ ਤਿਆਰੀ ਵਿੱਚ ਜੁਟ ਗਏ। ਭਾਈ ਫਤਿਹ ਸਿੰਘ ਨੇ ਪਿੰਡ ਦੇ ਬਾਹਰ ਛੱਪੜ ਕਿਨਾਰੇ ਢੁੱਕਵੀਂ ਥਾਵੇਂ ਕਾਨਿਆਂ ਅਤੇ ਕਰੀਰਾਂ ਦਾ ਢਾਂਚਾ ਖੜ੍ਹਾ ਕਰਕੇ ਉਸ ਨੂੰ ਸਰਕੰਡੇ ਨਾਲ ਢੱਕ ਕੇ ਅਤੇ ਹੇਠਾਂ ਕੱਕਾ ਰੇਤ ਵਿਛਾ ਕੇ ਗੁਰੂ ਜੀ ਦੇ ਬੈਠਣ ਲਈ ਇੱਕ ਕਮਰਾ ਤਿਆਰ ਕਰ ਦਿੱਤਾ। ਇਸ ਉਪਰੰਤ ਅਠਾਰਾਂ ਜੇਠ ੧੭੦੬ ਨੂੰ ਗੁਰੂ ਗੋਬਿੰਦ ਸਿੰਘ ਜੀ ਮਾਤਾ ਸਾਹਿਬ ਕੌਰ ਅਤੇ ਮਾਤਾ ਜੀਤ ਕੌਰ ਸਮੇਤ ਚੱਕ ਫਤਿਹ ਸਿੰਘ ਵਾਲਾ ਵਿਖੇ ਪਹੁੰਚ ਗਏ।ਦੂਰੋਂ ਦੂਰੋਂ ਸੰਗਤ ਦਰਸ਼ਨਾਂ ਲਈ ਆਉਣ ਲੱਗੀਆਂ।

ਦਿਨ ਵੇਲੇ ਗੁਰੂ ਸਾਹਿਬ ਇਸ ਥਾਂ ਬੈਠ ਕੇ ਸੰਗਤਾਂ ਨੂੰ ਦਰਸ਼ਨ ਦੇਣ ਲੱਗੇ। ਭਾਈ ਫਤਿਹ ਸਿੰਘ ਨੇ ਗਰਮੀ ਵੇਖਦੇ ਹੋਏ ਸਰਕੰਡੇ ਅਤੇ ਕੱਕੇ ਰੇਤੇ ਉਪਰ ਪਾਣੀ ਛਿੜਕ ਦਿੱਤਾ ਜਿਸ ਨਾਲ ਜੇਠ ਦੀ ਤਪਦੀ ਲੂਅ ਵੀ ਠੰਡੀ ਠਾਰ ਹੋ ਕੇ ਅੰਦਰ ਆਉਣ ਲੱਗ ਪਈ ਕਮਰੇ ਅੰਦਰਲੇ ਖੁਸ਼ਨੁਮਾਂ ਮਹੌਲ ਤੋਂ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਇਸ ਜਗ੍ਹਾ ਨੂੰ ਪਾਉਂਟਾ ਸਾਹਿਬ ਦਾ ਵਰ ਦਿੱਤਾ। ਇਸ ਜਗ੍ਹਾ ਸੁੰਦਰ ਗੁਰਦਵਾਰਾ



ਸਾਹਿਬ ਬਣਿਆ ਹੈ।ਅਤੇ ਨਾਲ ਹੀ ਬਾਬਾ ਜੀ ਦੀ ਯਾਦ ਚ ਬਣੀ ਬਹੁਤ ਸੁੰਤਰ ਪਾਰਕ ਹੈ। ਰਾਤ ਸਮੇਂ ਗੁਰੂ ਸਾਹਿਬ ਅਤੇ ਦੋਵੇਂ ਮਾਤਾਵਾਂ ਪਿੰਡ ਦੇ ਅੰਦਰ ਭਾਈ ਫਤਿਹ ਸਿੰਘ ਦੇ ਘਰ ਠਹਿਰਦੇ ਸਨ । ਗੁਰੂ ਜ਼ੀ ਜਿਸ ਕੱਚੇ ਘਰ ਵਿੱਚ ਰਹਿੰਦੇ ਸਨ ਉਹ ਅੱਜ ਵੀ ਓਸੇ ਹਾਲਤ ਵਿੱਚ ਕਾਇਮ ਹੈ ਇਹ ਦੁਨੀਆਂ ਦੀ ਸਿੱਖ ਇਤਿਹਾਸ ਨਾਲ ਸਬੰਧਤ ਇੱਕੋ ਇੱਕ ਮੂਲ ਰੂਪ ਚ ਬਚੀ ਇਮਾਰਤ ਹੈ। ਜਿਸ ਨੂੰ ਪਿੰਡ ਦੇ ਲੋਕ ਬਾਬੇ ਦਾ ਬੁਰਜ਼ ਕਹਿੰਦੇ ਹਨ । ਇਸ ਅਸਥਾਨ ਤੇ ਗੁਰੂ ਸਾਹਿਬ ਦੀ ਦਸਤਾਰ ਅਤੇ ਮਾਤਾ ਜੀ ਦੇ ਵਸਤਰ ਵੀ ਨਿਸ਼ਾਨੀ ਵਜੋਂ ਸਾਂਭੇ ਹੋਏ ਹਨ। ਇਸ ਤਰ੍ਹਾਂ ਗੁਰੂ ਸਹਿਬ ਨੌਂ ਦਿਨ ਇਸ ਪਿੰਡ ਵਿੱਚ ਰਹਿ ਕੇ ਵਾਪਿਸ ਤਲਵੰਡੀ ਸਾਬੋ ਅਤੇ ਅੱਗੇ ਦੱਖਣ ਵੱਲ ਨੰਦੇੜ ਸਾਹਿਬ ਵੱਲ ਰਵਾਂਨਾ ਹੋ ਗਏ ਭਾਈ ਫਤਿਹ ਸਿੰਘ ਕਾਫੀ ਦੂਰ ਤੱਕ ਉਨ੍ਹਾਂ ਦੇ ਨਾਲ ਗਏ । ਇਸ ਤਰ੍ਹਾਂ ਭਾਈ ਫਤਿਹ ਸਿੰਘ ਦੇ ਪ੍ਰੀਵਾਰ ਦਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰੀਵਾਰ ਨਾਲ ਪਿਆਰ ਅਤੇ ਅਪਣੱਤ ਭਰਿਆ ਸਬੰਧ ਸੀ। ਆਪ ਕੁੱਝ ਸਮਾਂ ਤਖਤ ਦਮਦਮਾਂ ਸਾਹਿਬ ਦੇ ਕਾਰਜਕਾਰੀ ਜਥੇਦਾਰ ਵੀ ਰਹੇ।

ਜਿਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਹਜ਼ੂਰ ਸਾਹਿਬ ਤੋਂ ਪੰਜਾਬ ਵੱਲ ਤੋਰਿਆ ਤਾਂ ਜਿੰਨ੍ਹਾਂ ਪੰਜ ਸਿੰਘਾਂ ਦੇ ਨਾਮ ਸੰਗਠਨ ਕਾਇਮ ਕਰਨ ਲਈ ਦਿੱਤੇ ਉਨ੍ਹਾਂ ਵਿੱਚੋਂ ਭਾਈ ਫਤਿਹ ਸਿੰਘ ਦਾ ਨਾਮ ਪ੍ਰਮੁੱਖ ਸੀ ਦੂਜੇ ਸਿੰਘਾਂ ਦੇ ਨਾਮ ਭਾਈ ਆਲੀ ਸਿੰਘ, ਭਾਈ ਮਾਲੀ ਸਿੰਘ ਭਾਈ ਰਾਮ ਸਿੰਘ ਅਤੇ ਭਾਈ ਬਿਨੋਦ ਸਿੰਘ ਸਨ।ਇਨ੍ਹਾਂ ਪੰਜ ਸਿੰਘਾਂ ਨੂੰ ਨਾਲ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਜੀ ਲੇ ਖਾਲਸਾ ਫੌਜ਼ ਤਿਆਰ ਕੀਤੀ ਜਿਸਦੇ ਜ਼ਰਨੈਲ ਇਹ ਪੰਜ ਸਿੰਘ ਸਨ। ਬਾਬਾ ਬੰਦਾ ਸਿੰਘ ਨੇ 1709 ਵਿੱਚ ਮੁਗਲ ਹਕੂਮਤ ਨੂੰ ਲਲਕਾਰਦੇ ਹੋਏ ਸਢੌਰੇ ਅਤੇ ਸਮਾਨੇ ( ਜ਼ੋ ਮੁਗਲਾਂ ਦਾ ਗੜ੍ਹ ਸਨ ) ਤੇ ਹਮਲਾ ਕਰ ਦਿੱਤਾ ਅਤੇ ਜਿੱਤ ਦੇ ਝੰਡੇ ਗੱਡ ਦਿੱਤੇ ।ਇਸ ਜੰਗ ਵਿੱਚ ਭਾਈ ਫਤਿਹ ਸਿੰਘ ਦੀ ਸੂਝ ਬੂਝ ਅਤੇ ਬਹਾਦਰੀ ਨੂੰ ਵੇਖਦੇ ਹੋਏ ਬਾਬਾ ਬੰਦਾ ਸਿੰਘ ਬਹਾਦਰ ਨੇ ਉਨ੍ਹਾਂ ਨੂੰ ਸਮਾਨੇ ਦਾ ਸੂਬੇਦਾਰ ( ਗਵਰਨਰ ) ਥਾਪ ਦਿੱਤਾ।

ਜੋ ਸਿੱਖ ਰਾਜ ਦਾ ਪਹਿਲਾ ਗਵਰਨਰ ਸੀ। ਅਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਸਰਹਿੰਦ ਵੱਲ ਕੂਚ ਕਰ ਦਿੱਤਾ।ਸਰਹਿੰਦ ਦੇ ਸੂਬੇਦਾਰ ਵਜ਼ੀਦ ਖਾਨ, ਜਿਸਨੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਚ ਚਿਣਵਾ ਕੇ ਸ਼ਹੀਦ ਕਰਵਾਇਆ ਸੀ ਸਿੱਖ ਫੌਜ਼ਾਂ ਨੂੰ ਰੋਕਣ ਲਈ ਅੱਗੇ ਵਧਿਆ ਅਤੇ ਚੱਪੜ ਚਿੜੀ ਦੇ ਅਸਥਾਨ ਤੇ ਦੋਵੇਂ ਫੌਜ਼ਾਂ ਦਾ ਸਾਹਮਣ੍ਹਾ ਹੋ ਗਿਆ। ਭਾਈ ਫਤਿਹ ਸਿੰਘ ਨੂੰ ਖਬਰ ਮਿਲੀ ਤਾਂ ਉਹ ਵੀ ਸਮਾਨੇ ਤੋਂ ਆਪਣੀ ਫੌਜ ਲੈ ਕੇ ਆ ਮਿਲੇ ਬਾਕੀ ਜ਼ਰਨੈਲ ਵੀ ਮੌਜ਼ੂਦ ਸਨ ਅਤੇ ਗਹਿਗੱਚ ਲੜਾਈ ਸ਼ੁਰੂ ਹੋਈ। ਬਾਬਾ ਬੰਦਾ ਸਿੰਘ ਬਹਾਦਰ ਉੱਚੀ ਥਾਂ ਤੇ ਖੜ੍ਹ ਕੇ ਅਗਵਾਈ ਕਰ ਰਹੇ ਸਨ। ਮੁਗਲ ਫੌਜ਼ ਨੇ ਚਲਾਕੀ ਨਾਲ ਆਪਣੇ ਕੁੱਝ ਫੌਜ਼ੀ ਸਿੱਖ ਫੌਜ਼ ਵਿੱਚ ਵਾੜ ਦਿੱਤੇ ਸਨ।

੧੨ ਮਈ ੧੭੧੦ ਨੂੰ ਜਦੋਂ ਲੜਾਈ ਸਿਖਰ ਤੇ ਸੀ ਤਾਂ ਸਿੱਖ ਫੌਜ਼ ਦੇ ਹੌਸ਼ਲੇ ਪਸ਼ਤ ਕਰਨ ਲਈ ਇਹ ਨਕਲੀ ਸਿਪਾਹੀ ਇਹ ਰੌਲਾ ਪਾਉਂਦੇ ਹੋਏ ਮਦਨ ਚੋਂ ਭੱਜ ਨਿੱਕਲੇ ਕਿ ਮੁਗਲ ਫੌਜ਼ ਭਾਰੀ ਪੈ ਗਈ ਹੈ ਪਰੰਤੂ ਸਿੱਖ ਜ਼ਰਨੈਲਾਂ ਦੀ ਬਾਜ਼ ਅੱਖ ਇੰਨ੍ਹਾਂ ਨੂੰ ਪਹਿਲਾਂ ਹੀ ਵੇਖ ਰਹੀ ਸੀ ਅਤੇ ਉਹ ਖੁਦ ਅੱਗੇ ਆ ਕੇ ਲੜਣ ਲੱਗੇ। ਬਾਬਾ ਬੰਦਾ ਸਿੰਘ ਬਹਾਦਰ ਵੀ ਮੈਦਾਨ ਵਿੱਚ ਆ ਗਏ ਮੁਗਲ ਫੌਜ਼ ਪਿੱਛੇ ਹਟਦੀ ਵੇਖ ਵਜ਼ੀਦ ਖਾਨ ਵੀ ਮਜ਼ਬੂਰ ਹੋ ਕੇ ਮੈਦਾਨ ਵਿੱਚ ਆ ਗਿਆ ਅਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਮੁਕਾ-ਬਲਾ ਕਰਨ ਲੱਗਾ। ਜਦੋਂ ਵਜ਼ੀਦ ਖਾਂ ਬਾਬਾ ਬੰਦਾ ਸਿੰਘ ਬਹਾਦਰ ਤੇ ਹਮਲਾ ਕਰਨ ਲੱਗਾ ਤਾਂ ਭਾਈ ਫਤਿਹ ਸਿੰਘ ਨੇ ਬਿਜਲੀ ਵਰਗੀ ਫੁਰਤੀ ਨਾਲ ਵਜ਼ੀਦ ਖਾਂ ਉਪਰ ਤਲਵਾਰ ਨਾਲ ਅਜਿਹਾ ਵਾਰ ਕੀਤਾ ਕਿ ਭਾਈ ਫਤਿਹ ਸਿੰਘ ਦੀ ਤਲਵਾਰ ਵਜ਼ੀਦ ਖਾਂ ਦੀ ਧੌਣ ਨੂੰ ਚੀਰਦੀ ਹੋਈ ਲੱਕ ਤੱਕ ਪਹੁੰਚ ਗਈ ਅਤੇ ਸੂਬੇ ਨੂੰ ਦੂਜਾ ਸਾਹ ਲੈਣ ਦਾ ਮੌਕਾ ਨਾਂ ਮਿਲਿਆ। ਉਸ ਦੀ ਲਾਸ਼ ਧੜੰਮ ਕਰਕੇ ਧਰਤੀ ਕੇ ਡਿੱਗੀ ਅਤੇ ਮੁਗਲਾਂ ਵਿੱਚ ਹਫੜਾਦਫੜੀ ਮੱਚ ਗਈ। ਇਸ ਤਰ੍ਹਾਂ ਭਾਈ ਫਤਿਹ ਸਿੰਘ ਨੇ ਸਰਹਿੰਦ ਫਤਿਹ ਦਾ ਮੁੱਢ ਬੰਨ੍ਹ ਦਿੱਤਾ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲਿਆ। ਅਕਾਲੀ ਸਰਕਾਰ ਸਮੇਂ ਚੱਪੜ ਚਿੜੀ ਵਿੱਚ ਬਣੀ ਫਤਿਹ ਬੁਰਜ਼ ਯਾਦਗਰ ਵਿੱਚ ਸੁਸ਼ੋਭਤ ਭਾਈ ਫਤਿਹ ਸਿੰਘ ਦਾ ਬੁੱਤ ਸਿ ਗੱਲ ਦੀ ਗਵਾਹੀ ਭਰਦਾ ਹੈ। ਇਸ ਤਰ੍ਹਾਂ ਸਿੰਘਾਂ ਨੇ 14 ਮਈ 1710 ਨੂੰ ਸਰਹਿੰਦ ਉਪਰ ਖਾਲਸਾਈ ਨਿਸ਼ਾਨ ਸਾਹਿਬ ਝੁਲਾ ਕੇ ਸਿੱਖ ਰਾਜ ਕਾਇਮ ਕਰ ਲਿਆ।

ਅਖੀਰ 1716ਵਿੱਚ ਗੜ੍ਹੀ ਨੰਗਲ ਦੀ ਲੜਾਈ ਵਿੱਚ ਹਾਰਣ ਪਿੱਛੋਂ ਮੁਗਲਾਂ ਨੇ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਨ੍ਹਾਂ ਨੂੰ ਕਾਫਲੇ ਦੇ ਰੂਪ ਵਿੱਚ ਦਿੱਲੀ ਲਿਜਾਇਆ ਗਿਆ ਕਾਫਲੇ ਵਿੱਚ ਸਭ ਤੋਂ ਮੂਹਰੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਜ਼ਰੇ ਵਿੱਚ ਬੰਨ੍ਹ ਕੇ ਹਾਥੀ ਉਪਰ ਬਿਠਾਇਆ ਹੋਇਆ ਸੀ ਅਤੇ ਪਿੱਛੇ ਭਾਈ ਫਤਿਹ ਸਿੰਘ ਸਮੇਤ ਬਾਕੀ ਸਿੰਘਾਂ ਨੂੰ ਮੁਸ਼ਕਾਂ ਬੰਨ੍ਹ ਕੇ ਗੱਡਿਆਂ ਵਿੱਚ ਲਦਿਆ ਹੋਇਆ ਸੀ।ਰਸਤੇ ਵਿੱਚ ਖੜ੍ਹੀ ਤਮਾਸ਼ਬੀਨਾਂ ਦੀ ਭੀੜ ਹਕੂਮਤ ਦੀ ਸ਼ਹਿ ਤੇ ਸਿੰਘਾਂ ਦੇ ਮੂੰਹ ਤੇ ਥੁੱਕ ਰਹੀ ਸੀ ਅਤੇ ਪੱਥਰ ਮਾਰ ਰਹੀ ਸੀ। ਇਸ ਤਸੀਹਿਆਂ ਭਰੇ ਸਫਰ ਬਾਦ ਸਿੰਘਾਂ ਨੂੰ ਦਿੱਲੀ ਦੇ ਲਾਲ ਕਿਲ੍ਹੇ ਵਿੱਚ ਕੈਦ ਕਰ ਦਿੱਤਾ ਗਿਆ ਅਤੇ ਹਰ ਰੋਜ਼ ਵੀਹ ਵੀਹ ਸਿੰਘਾਂ ਨੂੰ ਕਤਲ ਕਰਕੇ ਕਿਲ੍ਹੇ ਦੀ ਫਸੀਲ ਤੋਂ ਹੇਠਾਂ ਸੁੱਟ ਦਿੱਤਾ ਜਾਂਦਾ ਆਖਰ ਜੂਨ 1716 ਵਿੱਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਭਾਈ ਫਤਿਹ ਸਿੰਘ ਸਮੇਤ ਬਚੇ ਜਰਨੈਲਾਂ ਨੂੰ ਕੁਤਬ ਮਿਨਾਰ ਕੋਲ ਲਿਜਾ ਕੇ ਪਹਿਲਾਂ ਜ਼ਰਨੈਲਾਂ ਦੇ ਸਿਰ ਵੱਢ ਕੇ ਨੇਜ਼ਿਆਂ ਉਪਰ ਟੰਗ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਦਵਾਲੇ ਖੜ੍ਹੇ ਕਰ ਦਿੱਤੇ ਗਏ ਅਤੇ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਮਾਸੂਮ ਪੁੱਤਰ ਨੂੰ ਘਿਣਾਉਣੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਫਤਿਹ ਸਿੰਘ ਦੇ ਜ਼ੱਦੀ ਪਿੰਡ ਚੱਕ ਫਤਿਹ ਸਿੰਘ ਵਾਲਾ ਵਿਖੇ ਹਰ ਸਾਲ ਉਨ੍ਹਾਂ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ ।


NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202





# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਜੱਟ ਸਿੱਖ ਸੰਧੂ ਲੜਕਾ, ਉਮਰ 33 ਸਾਲ, ਕੱਦ 5 ਫੁਟ, 11 ਇੰਚ, 12ਵੀਂ ਪਾਸ, ਵਰਕ ਪਰਮਿਟ ਦੋ ਸਾਲ, ਬ੍ਰੈਂਪਟਨ, ਪਿਤਾ ਵੀ ਇੱਥੇ, ਮਾਤਾ ਵੀ ਆ ਰਹੀ ਹੈ। ਇਕਲੌਤਾ ਲੜਕਾ, ਚੰਗੀ ਜਾਇਦਾਦ, ਨਸ਼ਿਆਂ ਤੋਂ ਬਿਲਕੁਲ ਰਹਿਤ, ਭੂਆਂ ਕੋਲ ਰਹਿੰਦਾ ਹੈ, ਲਈ ਯੋਗ ਲੜਕੀ ਸਿਟੀਜ਼ਨ, ਪੀ.ਆਰ. ਹੋਵੇ। ਹੋਣ ਜਾਣਕਾਰੀ ਲਈ ਸੰਪਰਕ ਕਰੋ: 647-631-9445

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com


You can Place Your Business Here To Reach Wider Audience
(905)793-2202
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਸੈਲ ਐਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਪੰਜਾਬ 'ਚ ਮਿਆਰੀ ਬੀਜਾਂ, ਕੀਟਨਾਸ਼ਕਾਂ ਤੇ ਖਾਦਾਂ ਦੀ ਵਿਕਰੀ ਯਕੀਨੀ ਬਣਾਉਣ ਲਈ ਸੱਤ ਫਲਾਇੰਗ ਸਕੁਐਡ ਟੀਮਾਂ ਗਠਿਤ



## ਖੇਤੀਬਾੜੀ ਵਿਭਾਗ ਦੀਆਂ ਟੀਮਾਂ ਨਿਯਮਤ ਤੌਰ 'ਤੇ ਖੇਤੀ ਉਤਪਾਦਾਂ ਦੀ ਗੁਣਵੱਤਾ ਦੀ ਜਾਂਚ ਕਰਨਗੀਆਂ : ਗੁਰਮੀਤ ਸਿੰਘ ਖੁੱਡੀਆਂ

ਚੰਡੀਗੜ੍ਹ, 18 ਜੂਨ (ਪੋਸਟ ਬਿਊਰੋ): ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸੂਬੇ ਦੇ ਕਿਸਾਨਾਂ ਨੂੰ ਮਿਆਰੀ ਬੀਜਾਂ, ਖਾਦਾਂ ਅਤੇ ਕੀਟਨਾਸ਼ਕਾਂ ਦੀ ਸਪਲਾਈ ਯਕੀਨੀ ਬਣਾਉਣ ਲਈ ਫਲਾਇੰਗ ਸਕੁਐਡ ਦੀਆਂ ਸੱਤ ਟੀਮਾਂ ਦਾ ਗਠਨ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਇਹ ਟੀਮਾਂ ਬੀਜਾਂ, ਖਾਦਾਂ ਅਤੇ ਕੀਟਨਾਸ਼ਕਾਂ ਦੇ ਨਿਰਮਾਣ ਯੂਨਿਟਾਂ ਅਤੇ ਦੁਕਾਨਾਂ ਦਾ ਦੌਰਾ ਕਰਨਗੀਆਂ। ਇਸ ਦੇ ਨਾਲ ਹੀ ਇਹ ਟੀਮਾਂ ਇਨ੍ਹਾਂ ਉਤਪਾਦਾਂ ਦੀ ਗੁਣਵੱਤਾ ਦੀ ਨਿਯਮਤ ਤੌਰ 'ਤੇ ਜਾਂਚ ਕਰਨ ਅਤੇ ਨਮੂਨੇ ਲੈਣ ਦੇ ਨਾਲ-ਨਾਲ ਕਿਸਾਨਾਂ ਨੂੰ ਵੇਚੇ ਜਾਣ ਵਾਲੇ ਉਕਤ ਉਤਪਾਦਾਂ ਦੀਆਂ ਕੀਮਤਾਂ 'ਤੇ ਵੀ ਨਜ਼ਰ ਰੱਖਣਗੀਆਂ।

ਉਨ੍ਹਾਂ ਅੱਗੇ ਦੱਸਿਆ ਕਿ ਵਿਭਾਗ ਦੇ ਜੁਆਇੰਟ ਡਾਇਰੈਕਟਰਾਂ ਅਤੇ ਮੁੱਖ ਖੇਤੀਬਾੜੀ ਅਫ਼ਸਰਾਂ ਦੀ ਅਗਵਾਈ ਹੇਠ ਗਠਿਤ ਕੀਤੀਆਂ ਫਲਾਇੰਗ ਸਕੁਐਡ ਦੀਆਂ ਇਹ ਟੀਮਾਂ ਕਿਸਾਨਾਂ ਦੇ ਹਿੱਤਾਂ ਲਈ ਬੀਜਾਂ, ਕੀਟਨਾਸ਼ਕਾਂ ਅਤੇ ਖਾਦਾਂ ਦੀ ਵਿਕਰੀ 'ਤੇ ਨੇੜਿਓਂ ਨਜ਼ਰ ਰੱਖਣ ਦੇ ਨਾਲ-ਨਾਲ ਕਿਸਾਨਾਂ ਨੂੰ ਲੋੜੀਂਦੇ ਉਤਪਾਦਾਂ ਦੀ ਮੰਗ ਅਤੇ ਸਪਲਾਈ ਦਾ ਵੀ ਧਿਆਨ ਰੱਖਣਗੀਆਂ। ਜ਼ਿਕਰਯੋਗ ਹੈ ਕਿ ਤਿੰਨ ਤੋਂ ਚਾਰ ਜ਼ਿਲ੍ਹਿਆਂ ਲਈ ਫਲਾਇੰਗ ਸਕੁਐਡ ਦੀ ਇੱਕ ਟੀਮ ਗਠਿਤ ਕੀਤੀ ਗਈ ਹੈ।

ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਕਿਸਾਨ ਕੋਈ ਵੀ ਖੇਤੀ ਉਤਪਾਦ ਖਰੀਦਣ ਵੇਲੇ ਵਿਕਰੇਤਾ ਤੋਂ ਉਸ ਦਾ ਬਿੱਲ ਜ਼ਰੂਰ ਲੈਣ ਅਤੇ ਬਿੱਲਾਂ 'ਤੇ ਦਰਸਾਈ ਗਈ ਰਕਮ ਹੀ ਅਦਾ ਕਰਨੀ ਯਕੀਨੀ ਬਣਾਉਣ। ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਜੇਕਰ ਵਿਕਰੇਤਾਵਾਂ ਵੱਲੋਂ ਬਿੱਲ ਨਹੀਂ ਦਿੱਤਾ ਜਾਂਦਾ ਤਾਂ ਕਿਸਾਨ ਵੱਲੋਂ ਜ਼ਿਲ੍ਹੇ ਦੇ ਸਬੰਧਤ ਖੇਤੀਬਾੜੀ ਅਧਿਕਾਰੀ ਕੋਲ ਸ਼ਿਕਾਇਤ ਕੀਤੀ ਜਾਵੇ ਅਤੇ ਇਸ ਸਬੰਧੀ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਗੁਰਮੀਤ ਸਿੰਘ ਖੁੱਡੀਆਂ ਨੇ ਦੁਹਰਾਇਆ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਨਕਲੀ ਬੀਜ, ਕੀਟਨਾਸ਼ਕ ਜਾਂ ਖਾਦ ਵੇਚ ਕੇ ਅੰਨਦਾਤੇ ਦਾ ਸ਼ੋਸ਼ਣ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

# ਡਾ.ਬੀ.ਆਰ.ਅੰਬੇਦਕਰ ਭਵਨਾਂ ਦੀ ਮੁਰੰਮਤ ਅਤੇ ਰੱਖ ਰਖਾਅ ਲਈ 2 ਕਰੋੜ ਰੁਪਏ ਦੀ ਰਾਸ਼ੀ ਜ਼ਾਰੀ : ਡਾ. ਬਲਜੀਤ ਕੌਰ

ਚੰਡੀਗੜ੍ਹ, 18 ਜੂਨ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਹੋਰ ਗਰੀਬ ਵਰਗ ਦੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਲਗਾਤਾਰ ਯਤਨਸ਼ੀਲ ਹੈ। ਸੂਬਾ ਸਰਕਾਰ ਵੱਲੋਂ ਇਸ ਸਬੰਧੀ ਕਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਡਾ.ਬੀ.ਆਰ.ਅੰਬੇਦਕਰ ਭਵਨਾਂ ਦੀ ਮੁਰੰਮਤ ਅਤੇ ਰੱਖ ਰਖਾਅ ਤਹਿਤ 2 ਕਰੋੜ ਰੁਪਏ ਦੀ ਰਾਸ਼ੀ ਜ਼ਾਰੀ ਕੀਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ.ਬਲਜੀਤ ਕੌਰ ਨੇ ਦੱਸਿਆ ਕਿ ਸੂਬੇ ਦੇ ਜਿਲ੍ਹਿਆਂ ਵਿੱਚ ਬਣੇ ਡਾ.ਬੀ.ਆਰ.ਅੰਬੇਦਕਰ ਭਵਨਾਂ ਦੀ ਮੁਰੰਮਤ ਅਤੇ ਰੱਖ ਰਖਾਅ ਤਹਿਤ 2 ਕਰੋੜ ਰੁਪਏ ਦੀ ਰਾਸ਼ੀ ਜ਼ਿਲ੍ਹਾ ਅੰਮ੍ਰਿਤਸਰ,ਪਟਿਆਲਾ, ਸੰਗਰੂਰ, ਫਿਰੋਜ਼ਪੁਰ, ਫਰੀਦਕੋਟ, ਰੂਪਨਗਰ, ਮੋਗਾ, ਗੁਰਦਾਸਪੁਰ, ਹੁਸ਼ਿਆਰਪੁਰ, ਫਤਿਹਗੜ੍ਹ ਸਾਹਿਬ, ਕਪੂਰਥਲਾ ਅਤੇ ਸ਼ਹੀਦ ਭਗਤ ਸਿੰਘ ਨਗਰ ਨੂੰ ਜਾਰੀ ਕੀਤੀ ਗਈ ਹੈ।

ਸਰਕਾਰ ਵੱਲੋਂ ਹਰ ਜਿਲ੍ਹੇ ਵਿੱਚ ਡਾ.ਬੀ.ਆਰ.ਅੰਬੇਦਕਰ ਭਵਨ ਸਥਾਪਤ ਕਰਨ ਦਾ ਫੈਸਲਾ ਲਿਆ ਗਿਆ ਸੀ ਤਾਂ ਜੋ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਹੋਰ ਗਰੀਬ ਵਰਗ ਦੇ ਲੋਕਾਂ ਲਈ ਇੱਕ ਛੱਤ ਹੇਠ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ।

# ਪੰਜਾਬ ਪੁਲਿਸ ਵੱਲੋਂ ਬਿਹਾਰ ਪੁਲਿਸ ਅਤੇ ਕੇਂਦਰੀ ਏਜੰਸੀਆਂ ਦੇ ਨਾਲ ਸਾਂਝੀ ਕਾਰਵਾਈ ਤਹਿਤ ਮੋਗਾ ਜਵੈਲਰ ਕਤਲ ਕਾਂਡ ਵਿੱਚ ਸ਼ਾਮਿਲ ਚਾਰ ਦੋਸ਼ੀ ਗ੍ਰਿਫਤਾਰ

## ਪੁਲਿਸ ਟੀਮਾਂ ਨੇ ਮੁਲਜ਼ਮਾਂ ਕੋਲੋਂ ਮੌਕਾ ਵਾਰਦਾਤ 'ਤੇ ਵਰਤੇ ਦੋ ਪਿਸਤੌਲ ਅਤੇ ਮਿਰਤਕ ਜੌਹਰੀ ਦਾ ਇੱਕ ਲਾਇਸੈਂਸੀ ਰਿਵਾਲਵਰ ਵੀ ਕੀਤਾ ਬਰਾਮਦ





ਚੰਡੀਗੜ੍ਹ, 18 ਜੂਨ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਵੱਡੀ ਸਫਲਤਾ ਦਰਜ ਕਰਦਿਆਂ ਪੰਜਾਬ ਪੁਲਿਸ ਦੀ ਗੈਂਗਸਟਰ ਵਿਰੋਧੀ ਟਾਸਕ ਫੋਰਸ (ਏਜੀਟੀਐਫ) ਅਤੇ ਮੋਗਾ ਪੁਲਿਸ ਨੇ ਬਿਹਾਰ ਪੁਲਿਸ ਤੇ ਕੇਂਦਰੀ ਏਜੰਸੀਆਂ ਦੇ ਸਹਿਯੋਗ ਨਾਲ ਚਲਾਏ ਸਾਂਝੇ ਅਪਰੇਸ਼ਨ ਤਹਿਤ ਮੋਗਾ ਜਵੈਲਰ ਕਤਲ ਕੇਸ ਵਿੱਚ ਸ਼ਾਮਲ 4 ਦੋਸ਼ੀਆਂ ਨੂੰ ਗਿਰਫਤਾਰ ਕਰਕੇ ਉਕਤ ਕਤਲ ਕਾਂਡ ਦੀ ਗੁੱਥੀ ਸੁਲਝਾ ਲਈ ਹੈ ।

ਇਹ ਜਾਣਕਾਰੀ ਦਿੰਦਿਆਂ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਐਤਵਾਰ ਨੂੰ ਇੱਥੇ ਦੱਸਿਆ ਕਿ ਕਤਲ ਨੂੰ ਅੰਜਾਮ ਦੇਣ ਵਾਲਿਆਂ ਵਿੱਚ ਸ਼ਾਮਲ 3 ਦੋਸ਼ੀਆਂ ਨੂੰ ਪਟਨਾ , ਬਿਹਾਰ ਤੋਂ ਅਤੇ ਇੱਕ ਦੋਸ਼ੀ ਨੂੰ ਨਾਂਦੇੜ , ਮਹਾਂਰਾਸ਼ਟਰ ਤੋਂ ਗਿਰਫਤਾਰ ਕੀਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ 12 ਜੂਨ 2023 ਨੂੰ ਮੋਗਾ ਵਿੱਚ ਪੰਜ ਅਣਪਛਾਤੇ ਵਿਅਕਤੀਆਂ ਨੇ ਇੱਕ ਸਵਰਨਕਾਰੀ (ਜਿਊਲਰੀ) ਦੁਕਾਨ ਦੇ ਮਾਲਕ ਪਰਮਿੰਦਰ ਸਿੰਘ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ ਅਤੇ ਉਸ ਦੀ ਦੁਕਾਨ 'ਏਸ਼ੀਆ ਜਵੈਲਰਜ਼' ਚੋਂ ਬੰਦੂਕ ਦੀ ਨੋਕ 'ਤੇ ਸੋਨੇ ਦੇ ਗਹਿਣੇ ਲੁੱਟ ਲਏ ਸਨ। ਗ਼ੌਰਤਲਬ ਹੈ ਕਿ ਮੌਕਾ ਵਾਰਦਾਤ ਤੋਂ ਫਰਾਰ ਹੋਣ ਤੋਂ ਪਹਿਲਾਂ ਦੋਸ਼ੀਆਂ ਨੇ ਮਿਰਤਕ ਪਰਮਿੰਦਰ ਸਿੰਘ ਤੋਂ ਉਸਦਾ ਲਾਇਸੈਂਸੀ ਰਿਵਾਲਵਰ ਵੀ ਖੋਹ ਲਿਆ ਸੀ ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਤਿੰਨ ਮੁਲਜਮਾਂ ਜਿਨਾਂ ਦੀ ਪਛਾਣ ਰਾਜਵਿੰਦਰ ਸਿੰਘ ਉਰਫ ਮੰਗਾ ਉਰਫ ਰਾਜੂ ਵਾਸੀ ਮੋਗਾ, ਰਾਜਵੀਰ ਸਿੰਘ ਉਰਫ ਅਵਿਨਾਸ਼ ਸਿੰਘ ਵਾਸੀ ਬਿਹਾਰ ਅਤੇ ਵਰੁਣ ਜੈਜ਼ੀ ਉਰਫ ਵਾਨੂ ਵਾਸੀ ਜਲੰਧਰ ਵਜੋਂ ਹੋਈ , ਨੂੰ ਬਿਹਾਰ ਦੇ ਪਟਨਾ ਤੋਂ ਗਿਰਫਤਾਰ ਕੀਤਾ ਗਿਆ ਹੈ। ਜਦਕਿ ਚੌਥੇ ਮੁਲਜ਼ਮ , ਜਿਸਦੀ ਪਛਾਣ ਗੁਰਪ੍ਰੀਤ ਸਿੰਘ ਉਰਫ ਗੋਪੀ ਵਜੋਂ ਹੋਈ ਹੈ, ਨੂੰ ਮਹਾਰਾਸ਼ਟਰ ਦੇ ਜ਼ਿਲਾ ਨਾਂਦੇੜ ਤੋਂ ਗਿਰਫਤਾਰ ਕੀਤਾ ਗਿਆ ਹੈ।

ਉਨਾਂ ਦੱਸਿਆ ਕਿ ਪੁਲਿਸ ਟੀਮਾਂ ਵੱਲੋਂ ਵਾਰਦਾਤ ਦੌਰਾਨ ਵਰਤੇ ਗਏ ਦੋ ਪਿਸਤੌਲ, ਜਿਨਾਂ ਵਿੱਚ ਇੱਕ .315 ਬੋਰ (ਦੇਸੀ ) ਅਤੇ ਇੱਕ .32 ਬੋਰ ਪਿਸਤੌਲ ਸਮੇਤ ਜਿੰਦਾ ਕਾਰਤੂਸ ਬਰਾਮਦ ਕੀਤੇ ਹਨ। ਉਨਾ ਦੱਸਿਆ ਕਿ ਪੁਲੀਸ ਨੇ ਮੁਲਜਮਾਂ ਕੋਲੋਂ ਮਿਰਤਕ ਪਰਮਿੰਦਰ ਸਿੰਘ ਦਾ ਲਾਇਸੈਂਸੀ ਰਿਵਾਲਵਰ ਵੀ ਬਰਾਮਦ ਕੀਤਾ ਹੈ।

ਡੀਜੀਪੀ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਸਾਰੇ ਮੁਲਜ਼ਮ ਜੁਰਾਇਮ-ਪੇਸ਼ਾ (ਹਿਸਟਰੀ ਸ਼ੀਟਰ) ਹਨ ਅਤੇ ਇਨਾਂ ਖ਼ਿਲਾਫ਼ ਪੰਜਾਬ ਅਤੇ ਬਿਹਾਰ ਰਾਜ ਵਿੱਚ ਡਕੈਤੀ, ਚੋਰੀ, ਅਸਲਾ ਐਕਟ, ਐਨਡੀਪੀਐਸ ਐਕਟ ਆਦਿ ਦੇ ਅਪਰਾਧਿਕ ਮਾਮਲੇ ਦਰਜ ਹਨ। ਉਨਾਂ ਦੱਸਿਆ ਕਿ ਮੁਲਜ਼ਮ ਰਾਜਵੀਰ ਇਸ ਤੋਂ ਪਹਿਲਾਂ ਜਲੰਧਰ ਦੀ ਅਦਾਲਤ ਵਿੱਚ ਪੇਸ਼ੀ ਦੌਰਾਨ ਪੁਲੀਸ ਹਿਰਾਸਤ ਵਿੱਚੋਂ ਭੱਜ ਗਿਆ ਸੀ ਅਤੇ ਉਦੋਂ ਤੋਂ ਹੀ ਫਰਾਰ ਸੀ।

ਉਨਾਂ ਕਿਹਾ ਕਿ ਪੁਲਿਸ ਨੇ ਪੰਜਵੇਂ ਦੋਸ਼ੀ ਗੋਲੂ ਵਾਸੀ ਪਟਨਾ, ਬਿਹਾਰ ਦੀ ਵੀ ਸ਼ਨਾਖਤ ਕਰ ਲਈ ਹੈ ਅਤੇ ਬੜੀ ਮੁਸਤੈਦੀ ਨਾਲ ਪੁਲਿਸ ਦੀਆਂ ਕਈ ਟੀਮਾਂ ਉਸ ਨੂੰ ਫੜਨ ਲਈ ਛਾਪੇਮਾਰੀ ਕਰ ਰਹੀਆਂ ਹਨ। ਉਨਾਂ ਕਿਹਾ ਕਿ ਜਲਦ ਹੀ ਫ਼ਰਾਰ ਮੁਲਜ਼ਮ ਜੇਲ ਦੀਆਂ ਸੀਖਾਂ ਪਿੱਛੇ ਹੋਵੇਗਾ।

ਇਸ ਕੇਸ ਸਬੰਧੀ ਐਫਆਈਆਰ ਨੰ. 105 ਮਿਤੀ 12/06/2023 ਨੂੰ ਪਹਿਲਾਂ ਹੀ ਆਈ.ਪੀ.ਸੀ. ਦੀ ਧਾਰਾ 396, 394, 397, 459 ਅਤੇ 379ਬੀ ਅਤੇ ਅਸਲਾ ਐਕਟ ਦੀ ਧਾਰਾ 25 ਅਧੀਨ ਥਾਣਾ ਸਿਟੀ ਮੋਗਾ ਦੱਖਣੀ ਵਿਖੇ ਦਰਜ ਕੀਤੀ ਜਾ ਚੁੱਕੀ ਹੈ।

# ਖਰੜ ਦੇ ਸਾਰੇ ਵਾਰਡਾਂ ਦੀਆਂ ਸੱਮਸਿਆਵਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣਗੀਆਂ : ਅਨਮੋਲ ਗਗਨ ਮਾਨ

ਐਸ.ਏ.ਐਸ. ਨਗਰ, 18 ਜੂਨ (ਪੋਸਟ ਬਿਊਰੋ): ਕੈਬਿਨਟ ਮੰਤਰੀ ਅਨਮੋਲ ਗਗਨ ਮਾਨ ਨੇ ਅੱਜ ਸਰਕਾਰ ਤੁਹਾਡੇ ਦੁਆਰ ਪ੍ਰੋਗਰਾਮ ਤਹਿਤ ਖਰੜ ਸ਼ਹਿਰ ਦੇ ਵਾਰਡ ਨੰਬਰ 21 ਅਤੇ 5 ਦੇ ਵਸਨੀਕਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਮੌਕੇ ਖਰੜ ਦੇ ਵਸਨੀਕਾਂ ਨੇ ਅਪਣੀਆਂ ਵੱਖ ਵੱਖ ਮੁਸ਼ਕਲਾਂ ਬਾਰੇ ਆਪਣੇ ਵਿਧਾਇਕ ਤੇ ਸੈਰ ਸਪਾਟਾ ਮੰਤਰੀ ਨੂੰ ਜਾਣੂੰ ਕਰਵ-ਾਇਆ।

ਮੰਤਰੀ ਨੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਬਹੁਤੀਆਂ ਸਮੱਸਿਆਵਾਂ ਨੂੰ ਮੌਕੇ ਤੇ ਹੀ ਹੱਲ ਕਰ ਦਿੱਤਾ। ਇਸ ਤੋਂ ਇਲਾਵਾ ਰਹਿੰਦੀਆਂ ਮੁਸ਼ਕਲਾਂ ਦਾ ਹੱਲ ਕਰਨ ਲਈ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕਰਦੇ ਹੋਏ ਜਲਦੀ ਕਾਰਵਾਈ ਕਰਨ ਲਈ ਕਿਹਾ। ਇਸ ਮੌਕੇ ਮੰਤਰੀ ਨੇ ਖਰੜ ਦੇ ਵਸਨੀਕਾਂ ਨਾਲ ਇਥੋਂ ਦੇ ਹੋਣ ਵਾਲੇ ਵਿਕਾਸ ਕਾਰਜਾਂ ਬਾਰੇ ਵਿਸ਼ੇਸ਼ ਚਰਚਾ ਕੀਤੀ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪੰਜਾਬ ਦੇ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ, ਲੇਬਰ, ਪ੍ਰਾਹੁਣਚਾਰੀ ਅਤੇ ਨਿਵੇਸ਼ ਪ੍ਰੋਤਸਾਹਨ ਮੰਤਰੀ ਅਨਮੋਲ ਗਗਨ ਮਾਨ ਨੇ ਦੱਸਿਆਂ ਕਿ ਖਰੜ ਦੇ ਵਾਰਡ ਨੰਬਰ 21 ਅਤੇ 5 ਵਿੱਚ ਜਲਦੀ ਹੀ ਵਿਕਾਸ ਕਾਰਜ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹਨਾਂ ਵਿਕਾਸ ਦੇ ਕੰਮਾਂ ਵਿੱਚ ਗਲੀਆਂ ਵਿੱਚ ਲਾਇਟਾਂ ਲਗਾਉਣਾ, ਇੰਟਰਲੋਕਿੰਗ ਟਾਇਲਾਂ ਲਗਾਉਣਾ, ਪਾਰਕਾਂ ਦੇ ਵਿਕਾਸ, ਇੱਥੋਂ ਦੇ ਵਸਨੀਕਾਂ ਲਈ ਸਾਫ ਪੀਣ ਵਾਲਾ ਪਾਣੀ ਵਰਗੀਆਂ ਬੁਨਿਆਦੀ ਸਹੂਲਤਾਂ ਆਦਿ ਕੰਮ ਸ਼ਾਮਿਲ ਹਨ।

# ਪੰਜਾਬ ਦੇ ਭਖਦੇ ਮਸਲੇ ਅਤੇ ਚੁਣੌਤੀਆਂ ਵਿਸ਼ੇ 'ਤੇ ਸੈਮੀਨਾਰ

## ਕੈਨੇਡਾ ਵਿਚ ਪੰਜਾਬੀ ਸਭਿਆਚਾਰ ਦਾ ਪ੍ਰਸਾਰ ਪ੍ਰਚਾਰ ਕਰ ਰਹੀ ਰੇਡੀਓ ਆਪਣਾ ਦੀ ਸੰਚਾਲਕ ਮਨਧੀਰ ਕੌਰ ਮੰਨੂ ਸਨਮਾਨਿਤ







ਮੋਗਾ, 18 ਜੂਨ (ਗਿਆਨ ਸਿੰਘ): ਪ੍ਰਗਤੀਸ਼ੀਲ ਲੇਖਕ ਸੰਘ ਜ਼ਿਲਾ ਮੋਗਾ ਅਤੇ ਪਿੰਡ ਬਚਾਓ, ਪੰਜਾਬ ਬਚਾਓ ਮੰਚ ਸੰਸਥਾ ਪੰਜਾਬ ਵੱਲੋਂ ਸਾਂਝੇ ਤੌਰ 'ਤੇ ਪੰਜਾਬ ਦੇ ਭਖਦੇ ਮਸਲੇ ਅਤੇ ਚੁਣੌਤੀਆਂ ਵਿਸ਼ੇ 'ਤੇ ਸੈਮੀਨਾਰ ਕਰਵ-ਾਇਆ ਗਿਆ। ਪ੍ਰਧਾਨਗੀ ਮੰਡਲ ਵਿਚ ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ, ਜਰਨਲਿਸਟ ਹਮੀਰ ਸਿੰਘ, ਬਲਦੇਵ ਸਿੰਘ ਸੜਕਨਾਮਾ, ਅਸ਼ੋਕ ਚਟਾਨੀ, ਰੇਡੀਓ ਆਪਣਾ ਦੀ ਸੰਚਾਲਕ ਮਨਧੀਰ ਕੌਰ ਮੰਨੂ ਅਤੇ ਡਾ. ਖੁਸ਼ਹਾਲ ਸਿੰਘ ਸ਼ਾਮਲ ਸਨ। ਪ੍ਰੋਗਰਾਮ ਦੇ ਸ਼ੁਰੂ 'ਚ ਦਰਸ਼ਨ ਸੰਘਾ, ਮਾ. ਪ੍ਰੇਮ ਕੁਮਾਰ, ਗੁਰਦੇਵ ਦਰਦੀ ਅਤੇ ਹਰਵਿੰਦਰ ਰੋਡੇ ਵੱਲੋਂ ਗੀਤ ਪੇਸ਼ ਕੀਤੇ ਗਏ। ਪੰਜਾਬ ਦੇ ਮਸਲਿਆਂ ਬਾਰੇ ਹਮੀਰ ਸਿੰਘ ਨੇ ਕਿਹਾ ਕਿ ਇਨ੍ਹਾਂ ਮਸਲਿਆਂ 'ਤੇ ਚਿੰਤਕਾਂ ਵੱਲੋਂ ਸੰਵਾਦ ਰਚਾਉਣ ਦੀ ਲੋੜ ਹੈ।ਬੇਰੁਜ਼ਗਾਰੀ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਆਟੋ ਮੇਸ਼ਨ ਕਰ ਕੇ ਰੁਜ਼ਗਾਰ ਦੇਣ ਦੀ ਨਹੀਂ, ਸਗੋਂ ਰੁਜ਼ਗਾਰ ਖੋਹਣ ਦੀਆਂ ਨੀਤੀਆਂ ਘੜੀਆਂ ਜਾ ਰਹੀਆਂ ਹਨ। ਸਰਕਾਰ ਕਾਰਪੋਰੇਟ ਘਰਾਣਿਆਂ ਦੇ ਹੱਥਾਂ 'ਚ ਖੇਡ ਰਹੀ ਹੈ। ਹਰ ਖੇਤਰ ਵਿਚ ਇਕ ਖਲਾਅ ਪੈਦਾ ਹੋ ਰਿਹਾ ਹੈ। ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਅੱਜ ਨਿੱਜ ਦੀ ਗੱਲ ਹੋ ਰਹੀ ਹੈ, ਪੰਜਾਬ ਦੇ ਮਸਲਿਆਂ ਬਾਰੇ ਕੋਈ ਪਾਰਟੀ ਗੰਭੀਰ ਨਹੀਂ ਹੈ। ਰਾਜਨੀਤਿਕ ਪਾਰਟੀਆਂ ਮਹਿਜ ਐੱਨ.ਜੀ.ਓ ਵਾਂਗ ਵਿਚਰ ਰਹੀਆਂ ਹਨ। ਉਨ੍ਹਾਂ ਨੇ ਪੰਚਾਇਤੀ ਰਾਜ ਐਕਟ ਨੂੰ ਮੁਕੰਮਲ ਰੂਪ ਵਿਚ ਲਾਗੂ ਕਰਨ ਲਈ ਵਿਕੇਂਦਰੀ ਕਰਨ ਤੇ ਜੋਰ ਦਿੱਤਾ। ਉਹਨਾਂ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਵੀ ਆਖੀ। ਰਮਨਦੀਪ ਕੌਰ ਮਰਖਾਈ ਅਤੇ ਨਿਰਮਲ ਸਿੰਘ ਮਾਣੂਕੇ ਨੇ ਕਿਸਾਨੀ ਸੰਕਟ ਬਾਰੇ ਚਰਚਾ ਕੀਤੀ। ਡਾ. ਖੁਸ਼ਹਾਲ ਸਿੰਘ ਨੇ ਆਨੰਦਪੁਰ ਦੇ ਮੱਤੇ ਦੀ ਗੱਲ ਕਰਦਿਆਂ ਕਿਹਾ ਕਿ ਇਸਨੂੰ ਰਾਜਨੀਤਿਕ ਰੰਗਤ ਨਹੀਂ ਦਿੱਤੀ ਜਾਣੀ ਚਾਹੀਦੀ। ਮਨਧੀਰ ਕੌਰ ਮੰਨੂ ਨੇ ਐੱਨ.ਆਰ.ਆਈ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਐੱਨ.ਆਰ.ਆਈਜ਼ ਨੂੰ ਪੰਜਾਬ 'ਚ ਉਨ੍ਹਾਂ ਦੀਆਂ ਪਈਆਂ ਜਾਇਦਾਦਾਂ ਬਾਰੇ ਸਹਿਮ ਦਾ ਮਾਹੌਲ ਹੈ। ਉਹਨਾਂ ਕਿਹਾ ਕਿ ਪੜ੍ਹਾਈ ਲਈ ਵਿਦੇਸ਼ਾਂ ਵਲ ਜਾ ਰਹੇ ਵਿਦਿਆਰਥੀਆਂ ਦਾ ਮਾਰਗ ਦਰਸਨ ਕਰਨ ਦੀ ਲੋੜ ਹੈ।ਉਹਨਾਂ ਕਿਹਾ ਕਿ ਰੇਡੀਓ/ਟੀਵੀ ਆਪਣਾ ਵਿੰਨੀਪਿੱਗ ਹਮੇਸਾ ਪੰਜਾਬ ਦੇ ਮਸਲਿਆਂ ਬਾਰੇ ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਪ੍ਰੇਰਣਾ ਕਰਦਾ ਰਹੇਗਾ। ਇਸ ਤੋਂ ਇਲਾਵਾ ਬੁਲਾਰਿਆਂ ਦੇ ਵਿਚਾਰਾਂ 'ਤੇ ਬਹਿਸ ਵੀ ਹੋਈ, ਜਿਸ ਵਿਚ ਗੁਰਚਰਨ ਸੰਘਾ, ਸੁਰਿੰਦਰ ਸਿੰਘ ਡੀ.ਟੀ.ਐੱਫ ਅਤੇ ਗੁਰਮੇਲ ਸਿੰਘ ਬੌਡੇ ਅਤੇ ਡਾ. ਸੁਰਜੀਤ ਬਰਾੜ ਨੇ ਭਾਗ ਲਿਆ। ਰੇਡੀਓ ਆਪਣਾ ਵਿੰਨੀਪਿੱਗ ਦੀ ਸੰਚਾਲਨ ਮਨਧੀਰ ਕੌਰ ਮੰਨੂ ਨੂੰ ਸੱਭਿਆਚਾਰ ਦੇ ਪਰਸਾਰ ਤੇ ਪ੍ਰਚਾਰ ਲਈ ਨਿਭਾਈਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿਚ ਕਰਨਲ ਬਾਬੂ ਸਿੰਘ, ਪਰਮਜੀਤ ਸਿੰਘ ਚੂਹੜਚੱਕ, ਜੰਗੀਰ ਸਿੰਘ ਖੋਖਰ, ਕਰਮ ਸਿੰਘ ਕਰਮ, ਡਾ. ਹਰਨੇਕ ਸਿੰਘ ਰੋਡੇ, ਕਰਮਜੀਤ ਕੌਰ, ਕਰਨੈਲ ਸਿੰਘ, ਕੈਪਟਨ ਜਸਵੰਤ ਸਿੰਘ, ਅਮਰਜੀਤ ਸਨੇਰਵੀ, ਕੁਲਦੀਪ ਭੋਲਾ, ਗੁਰਮੀਤ ਕੜਿਆਲਵੀ, ਡਾ. ਸਰਬਜੀਤ ਕੌਰ ਬਰਾੜ, ਨਰਿੰਦਰ ਰੋਹੀ, ਨਿਰਮਲਜੀਤ ਕੌਰ, ਹਰਭਜਨ ਨਾਗਰਾ ਆਦਿ ਹਾਜ਼ਰ ਸਨ। ਸ੍ਰੀ ਅਸ਼ੋਕ ਚਟਾਨੀ ਨੇ ਸਮਾਗਮ ਪ੍ਰਬੰਧਕ ਅਤੇ ਮੰਚ ਸੰਚਾਲਕ ਦੇ ਤੌਰ ਤੇ ਆਪਣੀ ਜਿੰਮੇਵਾਰੀ ਵਾਰੀ ਪੂਰੀ ਤਨਦੇਹੀ ਨਾਲ ਨਿਭਾਈ। ਅੰਤ ਵਿਚ ਬਲਦੇਵ ਸੜਕਨਾਮਾ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਖੇਤੀਬਾੜੀ ਮੰਤਰੀ ਨੂੰ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਖੇਤੀ ਜਿਣਸਾਂ 'ਤੇ ਐਮ ਐਸ ਪੀ ਦੀ ਗਰੰਟੀ ਦੇਣ ਦੀ ਕੀਤੀ ਅਪੀਲ

## ਸੰਯੁਕਤ ਕਿਸਾਨ ਮੋਰਚੇ ਦੀਆਂ ਮੰਗਾਂ ਵੀ ਚੁੱਕੀਆਂ ਤੇ ਕਿਸਾਨਾਂ ਲਈ ਵਿਆਪਕ ਪੂਰਨ ਕਰਜ਼ਾ ਮੁਆਫੀ ਦੀ ਮੰਗ ਵੀ ਕੀਤੀ

ਚੰਡੀਗੜ੍ਹ, 18 ਜੂਨ (ਪੋਸਟ ਬਿਊਰੋ): ਸਾਬਕਾ ਕੇਂਦਰੀ ਮੰਤਰੀ ਤੇ ਬਠਿੰਡਾ ਦੇ ਐਮ ਪੀ ਹਰਸਿਮਰਤ ਕੌਰ ਬਾਦਲ ਨੇ ਅੱਜ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੂੰ ਅਪੀਲ ਕੀਤੀ ਕਿ ਉਹ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਖੇਤੀਬਾੜੀ ਜਿਣਸਾਂ 'ਤੇ ਲਾਗਤ 'ਤੇ 50 ਫੀਸਦੀ ਮੁਨਾਫੇ ਅਨੁਸਾਰ ਐਸ ਐਮ ਪੀ ਦੀ ਗਰੰਟੀ ਦੇਣ ਅਤੇ ਆਖਿਆ ਕਿ ਨਵੰਬਰ 2021 ਵਿਚ ਜਦੋਂ ਤਿੰਨ ਕਾਲੇ ਕਾਨੂੰਨਾਂ ਖਿਲਾਫ ਸੰਯੁਕਤ ਕਿਸਾਨ ਮੋਰਚੇ ਨੇ ਆਪਣਾ ਅੰਦੋਲਨ ਖ਼ਤਮ ਕੀਤਾ ਸੀ, ਉਸ ਵੇਲੇ ਉਹਨਾਂ ਨਾਲ ਕੀਤੇ ਗਏ ਵਾਅਦੇ ਪੂਰੇ ਕੀਤੇ ਜਾਣ।

ਕੇਂਦਰੀ ਖੇਤੀਬਾੜੀ ਮੰਤਰੀ ਨੂੰ ਲਿਖੇ ਪੱਤਰ ਵਿਚ ਬਠਿੰਡਾ ਦੇ ਐਮ ਪੀ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਜਿਸ ਵੇਲੇ ਪ੍ਰਧਾਨ ਮੰਤਰੀ ਵੱਲੋਂ ਤਿੰਨ ਖੇਤੀ ਕਾਨੂੰਨ ਖਾਰਜ ਕਰਨ ਦਾ ਐਲਾਨ ਕੀਤਾ ਗਿਆ ਤੇ ਉਸ ਮਗਰੋਂ ਕਿਸਾਨਾਂ ਨੇ ਦਿੱਲੀ ਦਾ ਰਸਤਾ ਖੋਲ੍ਹਦਿਆਂ ਅੰਦੋਲਨ ਖਤਮ ਕੀਤਾ ਤਾਂ ਉਸ ਵੇਲੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੇ ਵਾਅਦੇ ਪਿਛਲੇ 18 ਮਹੀਨਿਆਂ ਤੋਂ ਹੁਣ ਤੱਕ ਪੂਰੇ ਨਹੀਂ ਕੀਤੇ ਗਏ।

ਉਹਨਾਂ ਖੇਤੀਬਾੜੀ ਮੰਤਰੀ ਨੂੰ ਅਪੀਲ ਕੀਤੀਕਿ ਉਹ 'ਅੰਨਦਾਤਾ' ਨਾਲ ਕੀਤੇ ਵਾਅਦੇ ਪੂਰੇ ਕਰਨ। ਉਹਨਾਂ ਕਿਹਾ ਕਿ ਐਮ ਐਸ ਪੀ ਦੀ ਗਰੰਟੀ ਨੂੰ ਕਾਨੂੰਨੀ ਰੂਪ ਦਿੱਤਾ ਜਾਵੇ ਅਤੇ ਇਸ ਵਾਸਤੇ ਸਰਕਾਰ ਐਮ ਐਸ ਪੀ ਬਾਰੇ ਬਣਾਈ ਕਮੇਟੀ ਦੇ ਨਿਯਮਾਂ ਤੇ ਉਦੇਸ਼ਾਂ ਵਿਚ ਸੋਧ ਕਰਦਿਆਂ ਇਸ ਵਿਚ ਸੰਯੁਕਤ ਕਿਸਾਨ ਮੋਰਚੇ ਦੇ ਮੈਂਬਰਾਂ ਨੂੰ ਸ਼ਾਮਲ ਕਰੇ। ਉਹਨਾਂ ਕਿਹਾ ਕਿ ਕਮੇਟੀ ਦੇ ਨਿਯਮ ਤੇ ਮੰਤਵ ਸਰਕਾਰ ਦੇ ਕੀਤੇ ਵਾਅਦੇ ਅਨੁਸਾਰ ਐਮ ਐਸ ਪੀ ਦੀ ਗਰੰਟੀ ਲਾਗੂ ਕਰਨਾ ਹੋਣਾ ਚਾਹੀਦਾ ਹੈ।

ਸੰਯੁਕਤ ਕਿਸਾਨ ਮੋਰਚੇ ਵੱਲੋਂ ਬਠਿੰਡਾ ਦੇ ਐਮ ਪੀ ਨੂੰ ਸੌਂਪੇ ਮੰਗ ਪੱਤਰ ਵਿਚਲੇ ਹੋਰ ਮੁੱਦੇ ਚੁੱਕਦਿਆਂ ਬਾਦਲ ਮੰਗ ਪੱਤਰ ਖੇਤੀਬਾੜੀ ਮੰਤਰੀ ਨੂੰ ਭੇਜਿਆ ਅਤੇ ਕਿਹਾ ਕਿ ਇਹ ਅਸਲੀਅਤ ਹੈ ਕਿ ਕਿਸਾਨਾਂ ਨੂੰ ਉਹਨਾਂ ਦੀਆਂ ਜਿਣਸਾਂ ਦੇ ਉਤਪਾਦਨ 'ਤੇ ਆਉਂਦੀ ਲਾਗਤ ਵਿਚ ਵਾਧਾ ਹੋਣ ਮਗਰੋਂ ਢੁਕਵਾਂ ਭਾਅ ਨਹੀਂ ਮਿਲ ਰਿਹਾ। ਇਸ ਕਾਰਨ ਕਰਜ਼ੇ ਦੇ ਜਾਲ ਵਿਚ ਹੋਰ ਉਲਝਦੇ ਜਾਰਹੇ ਹਨ ਤੇ ਕਿਸਾਨਾਂ ਵੱਲੋਂ ਖੁਦਕੁਸ਼ੀਆਂ ਕਰਨ ਵਿਚ ਨਿਰੰਤਰ ਵਾਧਾ ਹੋ ਰਿਹਾ ਹੈ। ਉਹਨਾਂ ਕਿਹਾ ਕਿ ਇਹਨਾਂ ਹਾਲਾਤਾਂ ਨੂੰ ਦਰੁੱਸਤ ਕਰਨ ਵਾਸਤੇ ਇਕ ਵਿਆ-ਪਕ ਕਿਸਾਨ ਕਰਜ਼ਾ ਮੁਆਫੀ ਸਕੀਮ ਦੀ ਲੋੜ ਹੈ।

ਕਿਸਾਨਾਂ ਦੀਆਂ ਹੋਰ ਮੰਗਾਂ ਚੁੱਕਦਿਆਂ ਸਰਦਾਰਨੀ ਬਾਦਲ ਨੇ



ਕਿਹਾ ਕਿ ਕਿਸਾਨ ਇਹ ਮਹਿਸੂਸ ਕਰ ਰਹੇ ਹਨ ਕਿ ਲਖੀਮਪੁਰ ਖੀਰੀ ਮਾਮਲੇ ਵਿਚ ਉਹਨਾਂ ਨੂੰ ਨਿਆਂ ਨਹੀਂ ਮਿਲ। ਇਸ ਘਟਨਾ ਵਿਚ ਕੇਂਦਰੀ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਨੇ ਚਾਰ ਕਿਸਾਨਾਂ ਤੇ ਇਕ ਪੱਤਰਕਾਰ ਨੂੰ ਗੱਡੀ ਹੇਠ ਕੁਚਲ ਦਿੱਤਾ ਸੀ। ਉਹਨਾਂ ਕਿਹਾ ਕਿ ਨਾ ਤਾਂ ਮੰਤਰੀ ਨੂੰ ਵਜ਼ਾਰਤ ਵਿਚੋਂ ਹਟਾਇਆ ਗਿਆ ਤੇ ਨਾ ਹੀ ਮਾਸੂਮ ਕਿਸਾਨਾਂ ਖਿਲਾਫ ਦਰਜ ਕੇਸ ਵਾਪਸ ਲਏ ਗਏ ਹਨ। ਉਹਨਾਂ ਕਿਹਾ ਕਿ ਮਾਸੂਮ ਕਿਸਾਨਾਂ ਨਾਲ ਹੋਈ ਵਧੀਕੀ ਨੂੰ ਮੰਨਦਿਆਂ ਢੁਕਵੀਂ ਕਾਰਵਾਈ ਹੋਣੀ ਚਾਹੀਦੀ ਹੈ ਤੇ ਕਿਸਾਨਾਂ ਦੀਆਂ ਭਾਵਨਾਵਾਂ ਅਨੁਸਾਰ ਕੇਂਦਰੀ ਮੰਤਰੀ ਨੂੰ ਵਜ਼ਾਰਤ ਵਿਚੋਂ ਬਾਹਰ ਕੀਤਾ ਜਾਣਾ ਚਾਹੀਦਾ ਹੈ।

ਬਠਿੰਡਾ ਦੇ ਐਮ ਪੀ ਨੇ ਕਿਹਾ ਕਿ ਕਿਸਾਨ ਇਹ ਵੀ ਚਾਹੁੰਦੇ ਹਨ ਕਿ ਬਿਜਲੀ ਸੁਧਾਰ ਬਿੱਲ 2022 ਤੁਰੰਤ ਵਾਪਸ ਲਿਆ ਜਾਵੇ। ਉਹਨਾਂ ਕਿਹਾ ਕਿ ਇਸ ਮਾਮਲੇ ਵਿਚ 9 ਦਸੰਬਰ 2021 ਨੂੰ ਸੰਯੁਕਤ ਕਿਸਾਨ ਮੋਰਚੇ ਨੂੰ ਲਿਖਤੀ ਭਰੋਸਾ ਵੀ ਦੁਆਇਆ ਗਿਆ ਸੀ ਤੇ ਕਿਹਾ ਗਿਆ ਸੀ ਕਿ ਇਹ ਬਿੱਲ ਕਿਸਾਨਾਂ ਨਾਲ ਵਿਆਪਕ ਵਿਚਾਰ ਵਟਾਂਦਰਾ ਕਰਨ ਉਪਰੰਤਹੀ ਸੰਸਦ ਵਿਚ ਪੇਸ਼ ਕੀਤਾ ਜਾਵੇਗਾ ਪਰ ਅਜਿਹਾ ਨਹੀਂ ਕੀਤਾ ਗਿਆ।

ਬਾਦਲ ਨੇ ਵਿਆਪਕ ਤੇ ਚੰਗੀ ਫਸਲ ਬੀਮਾ ਯੋਜਨਾ ਲਿਆਉਣ ਦੀ ਵੀ ਮੰਗ ਕੀਤੀ ਤਾਂ ਜੋ ਸੋਕੇ, ਹੜ੍ਹਾਂ, ਝੱਖਣ ਚੱਲਣ ਜਾਂ ਹੋਰ ਕੁਦਰਤੀ ਆਫਤਾਂ ਦੇ ਹਾਲਾਤਾਂ ਵਿਚ ਫਸਲਾਂ ਦੇ ਨੁਕਸਾਨ ਲਈ ਕਿਸਾਨਾਂ ਨੂੰ ਢੁਕਵਾਂ ਮੁਆਵਜ਼ਾ ਮਿਲ ਸਕੇ। ਉਹਨਾਂ ਨੇ ਖੇਤੀਬਾੜੀ ਮੰਤਰੀ ਨੂੰ ਇਹ ਵੀ ਅਪੀਲ ਕੀਤੀ ਕਿ ਅੰਸ਼ਕ ਤੇ ਛੋਟੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਵੇ। ਉਹਨਾਂ ਨੇ ਭਾਜਪਾ ਦੇ ਰਾਜ ਵਾਲੇ ਸਾਰੇ ਸੂਬਿਆਂ ਵਿਚੋਂ ਕਿਸਾਨਾਂਖਿਲਾਫ ਦਰਜ ਸਾਰੇ ਕੇਸ ਵਾਪਸ ਲੈਣ ਦੀ ਵੀ ਮੰਗ ਕੀਤੀ ਤੇ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ 800 ਕਿਸਾਨਾਂ ਦੇ ਪਰਿਵਾਰਾਂ ਲਈ ਢੁਕਵਾਂ ਮੁਆਵਜ਼ਾ ਦੇਣ ਤੇ ਉਹਨਾਂ ਦੀ ਯਾਦਗਾਰ ਉਸਾਰਨ ਦੀ ਵੀਮੰਗ ਕੀਤੀ।

# ਫਿਲਿਪ ਗ੍ਰੀਨ ਹੋਣਗੇ ਭਾਰਤ ਵਿਚ ਆਸਟ੍ਰੇਲੀਆ ਦੇ ਨਵੇਂ ਰਾਜਦੂਤ



ਕੈਨਬਰਾ, 18 ਜੂਨ (ਪੋਸਟ ਬਿਊਰੋ): ਆਸਟਰੇਲੀਆ ਦੇ ਵਿਦੇਸ਼ ਮੰਤਰੀ ਪੇਨੀ ਵੋਂਗ ਨੇ ਸ਼ੁੱਕਰਵਾਰ ਨੂੰ ਫਿਲਿਪ ਗ੍ਰੀਨ ਨੂੰ ਭਾਰਤ ਵਿੱਚ ਆਸਟਰੇਲੀਆ ਦਾ ਅਗਲਾ ਹਾਈ ਕਮਿਸ਼ਨਰ ਨਿਯੁਕਤ ਕਰਨ ਦਾ ਐਲਾਨ ਕੀਤਾ। ਗ੍ਰੀਨ, ਜੋ ਹਾਲ ਹੀ ਵਿੱਚ ਜਰਮਨੀ ਵਿੱਚ ਆਸਟ੍ਰੇਲੀਆ ਦੇ ਰਾਜਦੂਤ ਸਨ, ਮੌਜੂਦਾ ਬੈਰੀ ਓ'ਫੈਰਲ ਦੀ ਥਾਂ ਲੈਣਗੇ।

ਵੋਂਗ ਨੇ ਗ੍ਰੀਨ ਦੀ ਨਿਯੁਕਤੀ ਦੀ ਘੋਸ਼ਣਾ ਕਰਦੇ ਹੋਏ ਕਿਹਾ ਕਿ ਆਸਟ੍ਰੇਲੀਆ ਅਤੇ ਭਾਰਤ ਦੇ ਦ੍ਰਿਸ਼ਟੀਕੋਣ, ਚੁਣੌਤੀਆਂ ਅਤੇ ਲੋਕਤੰਤਰੀ ਵਿਰਾਸਤ ਨੂੰ ਸਾਂਝਾ ਕਰਦੇ ਹਨ।" ਵਿਦੇਸ਼ ਮੰਤਰੀ ਨੇ ਕਿਹਾ, 'ਅਸੀਂ ਸ਼ਾਂਤੀਪੂਰਨ, ਸਥਿਰ ਅਤੇ ਖੁਸ਼ਹਾਲ ਇੰਡੋ-ਪੈਸੀਫਿਕ ਖੇਤਰ ਨੂੰ ਉਤਸ਼ਾਹਿਤ ਕਰਨ ਲਈ ਆਪਣੀ ਵਿਆਪਕ ਰਣਨੀਤਕ ਭਾਈਵਾਲੀ ਅਤੇ ਕਵਾਡ ਹਿੱਸੇਦਾਰਾਂ ਦੇ ਰੂਪ 'ਚ ਮਿਲ ਕੇ ਕੰਮ ਕਰ ਰਹੇ ਹਾਂ, ਜਿੱਥੇ ਪ੍ਰਭੂਸੱਤਾ ਦਾ ਸਨਮਾਨ ਕੀਤਾ ਜਾਂਦਾ ਹੈ।' ਗ੍ਰੀਨ ਇਸ ਤੋਂ ਪਹਿਲਾਂ ਸਿੰਗਾ-ਪੁਰ, ਦੱਖਣੀ ਅਫਰੀਕਾ ਅਤੇ ਕੀਨੀਆ ਵਿੱਚ ਆਸਟਰੇਲੀਆ ਦੇ ਹਾਈ ਕਮਿਸ਼ਨਰ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ। ਵੋਂਗ ਨੇ ਫਿਰ 2020 ਤੋਂ ਭਾਰਤ ਵਿੱਚ ਆਸਟਰੇਲੀਆ ਦੇ ਹਿੱਤਾਂ ਨੂੰ ਅੱਗੇ ਵਧਾਉਣ ਵਿੱਚ ਯੋਗਦਾਨ ਲਈ ਭਾਰਤ ਵਿੱਚ ਅਹੁਦਾ ਛੱਡ ਰਹੇ ਆਸਟਰੇਲੀਅਨ ਹਾਈ ਕਮਿਸ਼ਨਰ ਬੈਰੀ ਓ ਫਰੇਲ ਦਾ ਧੰਨਵਾਦ ਕੀਤਾ।




URGENTLY NEED NEW LISTINGS IN BRAMPTON/CALEDON
visit: www.teamjagaujla.com
ADVERTISEMENT GUARANTEED TILL SOLD
JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com
MCNE
CALL JAG AUJLA FOR A QUICK & FREE HOME EVALUATION
www.BramptonTopRealtor.com
RECENTLY LISTED/SOLD IN YOUR NEIGHBOURHOOD
SHELBURNE (Simon St /Hwy 89)
ਬਿਲਕੁਲ ਸ਼ਾਨਦਾਰ ਤੇ ਸਾਫ ਸੁਧਰਾ ਸੈਮੀ ਡਿਟੈਚ ਬੰਗਲੋਂ, ਸ਼ਾਤ ਕੰਮੂਨਿਟੀ ਵਿੱਚ, ਬਹੁਤ ਸਾਰੀਆਂ ਅਪਗ੍ਰੇਡਜ਼ ਤੇ 2023 ਵਿੱਚ ਹੋਈ ਰੈਨੋਵਸ਼ਨ। 3+2 ਬੈਡਰੂਮ ਤੇ 3 ਵਾਸ਼ਰੂਮ ਘਰ ਨੂੰ ਫਿਨੀਸ਼ਡ ਬੈਸਮੈਂਟ, ਪੋਟ ਲਾਇਟਸ ਆਦਿ।
CAMBRIDGE (Speedsville/Equestrian Way)
ਐਂਡ ਯੂਨਿਟ ਕਾਨ੍ਰ ਲਾਟ ਨੂੰ ਖੁਲ੍ਹਾ ਡੁਲ੍ਹਾ ਕਰਬ ਤੇ ਖੂਬਸੂਰਤ ਵਿਊ। 2020 ਵਿੱਚ ਬਣਿਆ, 1896 ਸਕੇਅਰ ਫੁਟ ਦਾ ਫ੍ਰੀ ਹੋਲਡ ਟਾਊਨਹੋਮ ਜਿਸ ਨੂੰ 4 ਬੈਡਰੂਮ ਤੇ 3 ਵਾਸ਼ਰੂਮ। ਲੈਮੀ-ਨੇਟਡ ਫਲੋਰ। ਹਾਈਵੇ 401, ਪਾਰਕ ਤੇ ਸਕੂਲ ਦੇ ਨੇੜੇ।
BRAMPTON (Mclaughlin / Steeles / Mavis)
ਸੋਹਣੇ ਤੇ ਸ਼ਾਨਦਾਰ ਡਿਟੈਚ ਘਰ ਨੂੰ ਬਹੁਤ ਸਾਰੀਆਂ ਅਪਗ੍ਰੇਡਜ਼। 2200 ਸਕੇਅਰ ਫੁਟ ਵਿੱਚ 4+1 ਬੈਡਰੂਮ ਤੇ 4 ਵਾਸ਼ਰੂਮ ਨੂੰ ਫਿਨੀਸ਼ਡ ਬੈਸਮੈਂਟ। ਸ਼ੈਰੀਡਨ ਕਾਲਜ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ। ਸੰਪਰਕ ਕਰੋ।
BRAMPTON (Wanless/Mclaughlin)
ਸ਼ਾਨਦਾਰ ਤੇ ਸਾਫ ਸੁਧਰਾ, 2016 ਵਿੱਚ ਬਣਿਆ 4364 ਸਕੇਅਰ ਫੁਟ ਦਾ ਡਿਟੈਚ ਘਰ 4 ਬੈਡਰੂਮ ਤੇ 5 ਵਾਸ਼ਰੂਮ ਤੇ ਨਾਲ ਹੀ ਫਿਨੀਸ਼ਡ ਬੈਸਮੈਂਟ ਜਿਸ ਨੂੰ ਸੇਪਰੈਟ ਏਂਨਟਰੈਂਸ। ਬਹੁਤ ਸਾਰੀਆਂ ਅਪਗ੍ਰੇਡਜ਼ ਤੇ ਹੋਰ ਵੀ ਬਹੁਤ ਕੁਝ।
FREE
Full MLS services
Consistent marketing until your property is sold
Staging consultation
Billboard, flyer
Online Promotion
Professional pictures & virtual tour
Social media & radio advertisement
Open house till sold
Competitive rates, exceptional service & award winning results
RE/MAX REALTY SPECIALISTS INC.
Ph:905-456-3232
JAG AUJLA 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT


ROYAL CANADIAN International CIRCUS
UNDER THE BIG TOP
ETOBICOKE, BRAMPTON & MISSISSAUGA
June 29–August 20
2 for 1
GENERAL ADMISSION
TICKETS
at royalcanadiancircus.ca
with Promo Code Punjabi


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017